Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਅਗਸਤ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ !



"ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥"

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਦਾ ਸਦੀਵ ਸ਼ਬਦ-ਗੁਰੂ ਹੈ। ਇਹ ਇਕ ਅਜਿਹਾ ਕੇਂਦਰ ਹੈ ਜੋ ਕਿ ਸਮੁੱਚੇ ਸਿੱਖ ਜਗਤ ਨੂੰ ਹੀ ਨਹੀਂ ਬਲਕਿ ਪੂਰੀ ਦੁਨੀਆਂ ਨੂੰ ਚਾਨਣਾ ਮੁਨਾਰ ਕਰਦਾ ਹੈ। ਮੋਹ ਮਾਇਆ ਵਿੱਚ ਫਸੀ ਲੋਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਸਾਹਿਬਾਨ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ 'ਜਪੁ ਜੀ' ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ 'ਸੋ ਦਰੁ ਰਹਰਾਸਿ' ਨੂੰ ਸਥਾਨ ਦਿੱਤਾ ਗਿਆ ਹੈ। 'ਸੋ ਦਰੁ' ਦਾ ਅਰਥ ਹੈ - ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 3 ਗੁਰਸਿੱਖਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ। ਇਸੇ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ - "**ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।**" ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ (ਜੋ ਕਿ ਰਿਸ਼ਤੇ ਵਿਚ ਉਨ੍ਹਾਂ ਦੇ ਮਾਮਾ ਜੀ ਸਨ) ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। 'ਸੋਹਿਲਾ' ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰ ਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ 'ਨਾਨਕ' ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ। ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 30 ਅਗਸਤ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ।

ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪਰੰਤ ਸਰਬਤ ਸ਼ਹੀਦਾਂ ਨਮਿਤ ਸ਼੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰਮਲ ਨੇ ਆਦਿ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ-ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਾਉਣ ਦਾ ਕਾਰਜ ਆਰੰਭਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਸਾਬੋ ਕੀ ਤਲਵੰਡੀ ਵਿਖੇ ਲਿਖਵਾਈ ਅਤੇ ਗੁਰੂ ਸਾਹਿਬ ਜੀ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜੁਗੋ ਜੁਗ ਅਟੱਲ ਗੁਰੂ' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ ਮਹਾਂਪੁਰਸ਼ਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲ ਕਰਨ ਲਈ ਹੁਕਮ ਕੀਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਤੋਂ ਬਾਅਦ ਗੁਰਬਾਣੀ ਨੂੰ ਭਗਤ ਬਾਣੀ ਜਾਂ ਭੱਟ ਬਾਣੀ ਦੇ ਰੂਪ ਵਿੱਚ ਵੰਡਣਾ ਕਦਾਚਿਤ ਉਚਿਤ ਨਹੀਂ ਹੈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ-ਪਾਤ, ਇਲਾਕੇ ਜਾਂ ਵਰਣ-ਵੰਡ ਦੇ ਨਾਂ ਤੇ ਉੱਚੇ-ਨੀਵੇਂ ਦੱਸਣਾ ਅਤੇ ਭਗਤ ਜਾਂ ਗੁਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਣਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ। ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ।

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

## Advisors

1. S. Baldev Singh Munder, Sr. Manager (Regd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥**

**ਹਾੜ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 19-08-2024 (ਸੋਮਵਾਰ)**
**ਸੰਗਰਾਂਦ - 16-08-2024 (ਸ਼ੁੱਕਰਵਾਰ)**
**ਮੱਸਿਆ - 04-08-2024 (ਐਤਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 134 | ਅਗਸਤ - 2024


| | | |
|---|---|---|
| 1. | ਗਿਆਨ ਦੇ ਸਾਗਰ ਗੁਰੂ ਗ੍ਰੰਥ ਸਾਹਿਬ ਜੀ | 4 |
| 2. | ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 6 |
| 3. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 9 |
| 4. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ | 10 |
| 5. | ਗੁਰ ਸਾਗਰ ਦੇ ਸੁੱਚੇ ਮੋਤੀ | 13 |
| 6. | ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 14 |
| 7. | ਜੀਵਨ ਵਿਕਾਸ – ਇਕ ਸੰਘਰਸ਼ | 16 |
| 8. | ਪੰਜਾਬ 'ਚ ਵਾਤਾਵਰਣ ਦਾ ਨਿਘਾਰ | 18 |
| 9. | ਦਾਜ – ਇਕ ਲਾਹਨਤ – ਇਕ ਸਰਾਪ | 20 |
| 10. | ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ | 23 |
| 11. | ਸਮੇਂ ਦੀ ਧੂੜ ਵਿਚ ਗੁਆਚ ਰਹੇ ਪੇਂਡੂ ਖਿੱਤੇ | 25 |
| 12. | ਵਿਸਰ ਰਹੀਆਂ ਖੇਡਾਂ | 28 |
| 13. | ਭੈਣਾਂ ਅਤੇ ਵੀਰ ਦੇ ਰਿਸ਼ਤੇ ਦਾ ਨਿੱਘ – ਰੱਖੜੀ | 29 |
| 14. | ਸਾਚਾ ਗੁਰੂ ਲਾਧੋ ਰੇ | 30 |
| 15. | ਸ਼ਾਹ ਹੁਸੈਨ ਦੀ ਵਿਚਾਰਧਾਰਾ | 31 |
| 16. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 33 |
| 17. | ਅਪਾਹਜ | 34 |
| 18. | ਸਿਹਤ ਸੰਭਾਲ | 35 |
| 19. | ਕਾਵਿ–ਕਿਆਰੀ | 37 |
| 20. | Matrimonial | 38 |
| 21. | ਦਾਨੀ ਸੱਜਣਾਂ ਦੀ ਸੂਚੀ | 39 |


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

Computer Designing - Walia Enterprises, M.: 98153-78692

**29 ਅਗਸਤ 'ਤੇ ਵਿਸ਼ੇਸ਼**

# ਗਿਆਨ ਦੇ ਸਾਗਰ ਗੁਰੂ ਗ੍ਰੰਥ ਸਾਹਿਬ ਜੀ



ਭੁੱਲੀ-ਭਟਕੀ ਦੁਨੀਆਂ ਨੂੰ ਸਹੀ ਰਸਤਾ ਦਿਖਾਉਣ ਲਈ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਵਿੱਚ ਫਸੀ ਲੋਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ, ਦੁਲੱਭ ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ, ਗੁਰੂ ਸਾਹਿਬਾਨ ਨੇ ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਛੱਤੀ ਮਹਾਂਪੁਰਸ਼ਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, "**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥**" ਇਸ ਅੰਮ੍ਰਿਤਮਈ ਬਾਣੀ ਵਿੱਚ ਹਰ ਇੱਕ ਪ੍ਰਾਣੀ ਨੂੰ ਆਪਣਾ ਅਨਮੋਲ ਜੀਵਨ ਸਫਲ ਕਰਨ ਲਈ ਜ਼ਿੰਦਗੀ ਦੇ ਹਰ ਪਹਿਲੂ ਤੋਂ ਸੇਧ ਦਿੱਤੀ ਗਈ ਹੈ।


**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਊਂਡੇਸ਼ਨ**
**ਚੰਡੀਗੜ੍ਹ**
98155-40240




ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਨ ਸੰਤਾਂ, ਮਹਾਂਪੁਰਸ਼ਾਂ, ਪਰਮਾਤਮਾ ਦੇ ਸੱਚੇ-ਸੁੱਚੇ ਪ੍ਰਭੂ-ਰੂਪ ਹੋ ਚੁੱਕੇ ਭਗਤਾਂ ਪਾਸੋਂ ਇਹ ਅੰਮ੍ਰਿਤਮਈ ਬਾਣੀ ਇਕੱਤਰ ਕੀਤੀ। ਇਸ ਅੰਮ੍ਰਿਤਮਈ ਧੁਰ ਕੀ ਬਾਣੀ ਦੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਲਾਹੀ ਬਾਣੀ ਸ਼ਾਮਲ ਕਰਕੇ ਸਾਰੀ ਬਾਣੀ ਨੂੰ ਪੋਥੀ ਸਾਹਿਬ ਦਾ ਰੂਪ ਦਿੱਤਾ। ਇਹ ਪੋਥੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ

ਇਸ ਪੋਥੀ ਸਾਹਿਬ ਵਿੱਚ ਆਪਣੀ ਇਲਾਹੀ ਬਾਣੀ ਦਰਜ ਕਰਕੇ ਪੋਥੀ ਸਾਹਿਬ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਨੂਰੀ ਬਾਣੀ ਪੋਥੀ ਸਾਹਿਬ ਵਿੱਚ ਦਰਜ ਕਰਕੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਸੌਂਪੀ। ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਅੰਮ੍ਰਿਤਮਈ ਬਾਣੀ ਇਸ ਪੋਥੀ ਵਿੱਚ ਅੰਕਿਤ ਕਰਕੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਪੋਥੀ ਸਾਹਿਬ ਸੌਂਪੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਆਦਿ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ।

ਭਾਈ ਗੁਰਦਾਸ ਜੀ, ਜੋ ਕਿ ਰਿਸ਼ਤੇਦਾਰੀ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ, ਉਸ ਸਮੇਂ ਦੇ ਮਹਾਨ ਲਿਖਾਰੀ ਤੇ ਫਿਲਾਸਫਰ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। ਸਿੱਖ ਗੁਰੂ ਸਾਹਿਬਾਨ ਦੀ ਬਾਣੀ 'ਨਾਨਕ' ਨਾਮ ਨਾਲ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਮਹਲਾ ਚੌਥਾ ਅਤੇ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਦਰਜ ਕੀਤੀ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਮਈ ਬਾਣੀ ਲਿਖਾਈ ਅਤੇ ਭਾਈ ਗੁਰਦਾਸ ਜੀ ਨੇ ਲਿਖੀ। ਪਵਿੱਤਰ ਆਦਿ ਗ੍ਰੰਥ ਤਿਆਰ ਕਰਨ ਲਈ ਤਕਰੀਬਨ ਇੱਕ ਸਾਲ ਲੱਗਾ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਇਕ ਸਤੰਬਰ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜੁਗੋ ਜੁਗ ਅਟੱਲ ਗੁਰੂ' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ 36 ਮਹਾਂਪੁਰਖਾਂ ਦੀ ਅੰਮ੍ਰਿਤਮਈ ਬਾਣੀ ਨੂੰ 'ਗੁਰਬਾਣੀ' ਦਾ ਦਰਜਾ ਦਿੱਤਾ ਅਤੇ 36 ਮਹਾਂਪੁਰਖਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲਾ ਕਰਨ ਲਈ ਹੁਕਮ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਹੀ ਗੁਰਬਾਣੀ ਸਮੁੱਚੀ ਮਨੁੱਖਤਾ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ ਹੈ। ਇਹ ਕਿਸੇ ਇੱਕ ਖਾਸ ਵਰਗ ਲਈ ਨਹੀਂ। ਸਾਰੀ ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਜੋ ਵੀ ਪ੍ਰਾਣੀ ਇਸ ਉੱਤੇ ਸ਼ਰਧਾ ਧਾਰਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਤਰ ਜਾਂਦਾ ਹੈ। ਦਿਖਾਵੇ-ਪਾਖੰਡ ਦੀਆਂ ਚਤੁਰਾਈਆਂ ਦੇ ਤਲ ਨੂੰ ਛੱਡ ਕੇ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਅਤੇ ਤ੍ਰਿਸ਼ਨਾ ਦੀਆਂ ਲਹਿਰਾਂ ਨੂੰ ਚੀਰ ਕੇ ਸੱਚੀ ਪ੍ਰੀਤ, ਅਥਾਹ ਸ਼ਰਧਾ ਅਤੇ ਦ੍ਰਿੜ ਵਿਸ਼ਵਾਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਡੂੰਘਾਈ ਨਾਲ ਵਿਚਾਰਿਆ ਗਿਆਨ ਦੇ ਅਨਮੋਲ ਹੀਰੇ ਪ੍ਰਾਪਤ ਹੁੰਦੇ ਹਨ। ਆਤਮ-ਰਸ ਅਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸੱਚ ਕੀ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸਿਆ ਗਿਆ ਹੈ ਕਿ ਸੱਚ ਕੇਵਲ ਪਰਮਾਤਮਾ ਅਤੇ ਉਸ ਦਾ ਨਾਮ ਹੈ। ਬ੍ਰਹਿਮੰਡ ਦਾ ਮੁੱਢ ਪਰਮਾਤਮਾ ਹੈ, ਉਹ ਬ੍ਰਹਿਮੰਡ ਦੀ ਹੋਂਦ ਤੋਂ ਪਹਿਲਾਂ ਵੀ ਸੀ, ਆਰੰਭ ਵਿੱਚ ਵੀ ਸੀ, ਹੁਣ ਵੀ ਹੈ ਅਤੇ ਅਗਾਂਹ ਵੀ ਹੋਵੇਗਾ।

ਗੁਰਬਾਣੀ ਨੇ ਵਾਰ-ਵਾਰ ਮਨੁੱਖ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ 'ਸੱਚ' ਨੂੰ ਪਾਉਣਾ ਹੈ ਤਾਂ ਬਾਹਰਲੇ ਭੇਖਾਂ-ਪਾਖੰਡਾਂ ਨੂੰ ਤਿਆਗ ਕੇ ਅੰਦਰੋਂ ਹਿਰਦੇ ਤੋਂ ਸੱਚੇ ਹੋਣਾ ਪਵੇਗਾ। 'ਆਸਾ ਜੀ ਦੀ ਵਾਰ' ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ, **"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਹੋਇ॥"**

ਸੱਚ ਤਾਂ ਇਹ ਹੈ ਕਿ ਜੋ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਆ ਕੇ ਗੁਰਬਾਣੀ ਨੂੰ ਸ਼ਰਧਾ ਨਾਲ ਵਿਚਾਰੇਗਾ, ਉਸ ਤੇ ਨਿਸਚਾ ਲਿਆਵੇਗਾ, ਤਨੋਂ-ਮਨੋ ਗੁਰਬਾਣੀ ਦੀ ਸਿੱਖਿਆ ਨੂੰ ਮੰਨੇਗਾ, ਉਸ ਅਨੁਸਾਰ ਆਪਣਾ ਜੀਵਨ ਢਾਲੇਗਾ, ਉਹ ਪ੍ਰਾਣੀ ਭਵਜਲ ਤੋਂ ਪਾਰ ਉਤਰ ਕੇ ਮੁਕਤ ਹੋਵੇਗਾ। ਗੁਰੂ ਕੀ ਸ਼ਰਨ ਵਿੱਚ ਆਉਣ ਵਾਲੇ ਪ੍ਰਾਣੀ ਦਾ ਲੋਕ ਸੁਖੀ ਅਤੇ ਪਰਲੋਕ ਸੁਹੇਲਾ ਹੁੰਦਾ ਹੈ।

**ਆਪਣੇ ਜੀਵਨ ਨੂੰ ਏਨਾ ਸੋਹਣਾ ਬਣਾਓ ਕਿ ਤੁਹਾਨੂੰ ਯਾਦ ਕਰਕੇ ਕਿਸੇ ਵੀ ਨਿਰਾਸ਼ ਵਿਅਕਤੀ ਦੀਆਂ ਅੱਖਾਂ ਵਿਚ ਚਮਕ ਆ ਜਾਵੇ।**

# ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ






**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
98141-28181


ਮੱਧਕਾਲੀਨ ਭਾਰਤ ਦੇ ਸੱਭਿਆਚਾਰਕ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਯੋਗਦਾਨ ਅਦੁੱਤੀ ਮਹੱਤਵ ਦਾ ਧਾਰਨੀ ਹੈ। ਪੰਜਾਬੀ ਸਾਹਿਤ ਅਧਿਐਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸਾਹਿਤ' ਦੀ ਥਾਂ 'ਬਾਣੀ' ਦੀ ਕੋਟੀ ਵਿਚ ਰੱਖਿਆ ਗਿਆ ਹੈ। ਇਸ ਵਿਚ ਸੰਕਲਿਤ ਬਾਣੀ ਨੂੰ ਸਿੱਖ ਚਿੰਤਨ ਦੀ ਆਧਾਰਸ਼ਿਲ੍ਹਾ ਮੰਨਿਆ ਗਿਆ ਹੈ।"ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਭਾਈਚਾਰੇ ਦੀ ਰੂਹਾਨੀ ਤੇ ਨੈਤਿਕ ਅਗਵਾਈ ਲਈ ਲਿਖਤੀ ਪਾਠ ਦੇ ਮਹੱਤਵ ਨੂੰ ਪਛਾਣਦਿਆਂ ਇਕ ਵੱਡ ਅਕਾਰੀ ਪਾਠ-ਸੰਗ੍ਰਹਿ ਤਿਆਰ ਕਰਨ ਦਾ ਉਪਰਾਲਾ ਕੀਤਾ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਬਾਣੀ ਅਤੇ ਆਪਣੇ ਪੂਰਬਵਰਤੀ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਦੀ ਬਾਣੀ ਨੂੰ ਸ਼ਾਮਲ ਕਰ ਲਿਆ, ਜਿਸ ਵਿਚ ਵਿਸ਼ਵ ਦ੍ਰਿਸ਼ਟੀ ਅਤੇ ਜੀਵਨ-ਜਾਚ ਦੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਧਰਮ, ਕੌਮ, ਜਾਤ-ਬਰਾਦਰੀ, ਫਿਰਕੇ, ਭਾਸ਼ਾ ਜਾਂ ਖਿੱਤੇ ਦੇ ਆਧਾਰ ਉੱਤੇ ਕੋਈ ਵਿਤਕਰਾ ਨਹੀਂ ਕੀਤਾ ਗਿਆ ਸਗੋਂ ਉਦਾਰ ਭਾਵਨਾ ਨਾਲ ਸਭ ਨੂੰ ਬਰਾਬਰ ਮੰਨਿਆ ਗਿਆ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਭਾਰਤ ਦੇ ਕ੍ਰਾਂਤੀਕਾਰੀ ਸ਼ਬਦ-ਸੱਭਿਆਚਾਰ ਦੀ ਪ੍ਰਤਿਨਿਧਤਾ ਕਰਨ ਵਾਲਾ ਅਤੇ ਸਮੁੱਚੀ ਮਾਨਵ ਜਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿਚ ਪ੍ਰੋਣ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੋ ਨਿਬੜਦਾ ਹੈ।"

ਸੋਲਵੀਂ ਸਦੀ ਦਾ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਸ਼ਾ, ਸਾਹਿਤ, ਧਰਮ, ਸਮਾਜ ਅਤੇ ਦਰਸ਼ਨ ਦੇ ਅਧਿਐਨ ਦੀਆਂ ਸੰਭਾਵਨਾਵਾਂ ਦਾ ਸਰੋਤ ਵੀ ਬਣਿਆ ਹੋਇਆ ਹੈ। ਇਸ ਦੇ ਸਮੂਹ ਬਾਣੀਕਾਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿੱਚੋਂ ਹਨ ਜਿਨ੍ਹਾਂ ਨੇ ਆਪਣੇ ਸਿਰਜਿਤ ਪ੍ਰਵਚਨ ਰਾਹੀਂ ਧਰਮ, ਸਮਾਜ ਅਤੇ ਸੱਭਿਆਚਾਰ ਦੇ ਖੇਤਰ ਵਿਚ ਨਵ-ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ। ਸੱਭਿਆਚਾਰਕ ਨਵ-ਜਾਗ੍ਰਿਤੀ ਦੀ ਇਸ ਲਹਿਰ ਨੇ ਸੇਵਾ ਦੇ ਰੂਹਾਨੀ ਅਰਥਾਂ ਨੂੰ ਉਜਾਗਰ ਕਰਦਿਆਂ ਸਾਂਝ ਅਤੇ ਸੁਮੇਲ ਉੱਤੇ ਬਲ ਦੇਣ ਵਾਲੀ ਉਦਾਰ ਮਾਨਵਵਾਦੀ ਭਾਵਨਾ ਦਾ ਪ੍ਰਸਾਰ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, **"ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥"**

ਗੁਰ-ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਝੇ ਦੇ ਇਤਿਹਾਸਿਕ ਨਗਰ 'ਬਾਬਾ ਬਕਾਲਾ' ਵਿੱਚ 22 ਭੇਖੀ ਗੁਰੂ ਆਪੋ ਆਪਣੀ ਪੂਜਾ ਕਰਵਾਉਣਾ ਅਤੇ ਦਸਵੰਧ ਛੱਕਣ ਲਈ ਮੰਜੀਆਂ ਡਾਹ ਕੇ ਬੈਠ ਗਏ ਸਨ। ਉਸ ਸਮੇਂ, ਗੁਰੂ ਘਰ ਦੇ ਇੱਕ ਅਨਿੰਨ ਸ਼ਰਧਾਲੂ ਗੁਰਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਜੀ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਕਾਂਤ ਵਿੱਚੋਂ ਟੋਲਿਆ, ਪਰਖਿਆ ਅਤੇ ਹੂਕ ਭਰਿਆ ਹੋਕਾ ਦਿੱਤਾ : "ਗੁਰ ਲਾਧੋ ਰੇ ! ਗੁਰੂ ਲਾਧੋ ਰੇ !! ਗੁਰੂ ਲਾਧੋ ਰੇ !!!" ਗੁਰਸਿੱਖ ਦੇ ਮਨ ਵਿੱਚੋਂ ਨਿਕਲੀ ਹੂਕਨੁਮਾ ਹਾਕ ਨੇ ਸਾਰੀ ਸੰਗਤ ਨੂੰ ਖਿੱਚ ਲਿਆ ਅਤੇ ਭੇਖੀ ਗੁਰੂ ਬੋਰੀਆਂ-ਬਿਸਤਰਾ ਲਪੇਟ ਕੇ ਆਪੋ ਆਪਣੇ ਡੇਰੇਨੁਮਾ ਦਾਇਰਿਆਂ ਦੀਆਂ ਚਾਰ-ਦਵਾਰੀਆਂ ਵਿਚ ਜਾ ਵੜੇ।

ਸਿੱਖ ਜਗਤ ਦੀ ਹਾਲਤ ਅੱਜ ਵੀ ਕੁਝ ਉਹੋ-ਜਿਹੀ ਹੈ। ਪ੍ਰਤੱਖ ਗੁਰੂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰਾ-ਹਜ਼ੂਰ ਅਤੇ ਜ਼ਾਹਰਾ-ਜ਼ਹੂਰ ਹੁੰਦਿਆਂ, ਕਈ ਭੇਖੀ ਤਰ੍ਹਾਂ-ਤਰ੍ਹਾਂ ਦੇ ਅੰਡਬਰ ਰੱਚ ਕੇ, ਗੋਲਮੋਲ ਘੋਟਵੀਆਂ ਦਸਤਾਰਾਂ ਸਜਾ ਕੇ, ਲੰਮੇ-ਲੰਮੇ ਚੋਲੇ ਪਾ ਕੇ, ਭੀੜੀਆਂ ਪਜਾਮੀਆਂ ਦੀ ਨੁਮਾਇਸ਼ ਕਰਕੇ, ਮਣਕੇ ਤੇ ਮਣਕਾ ਠਾਹ ਮਣਕਾ ਦਾ ਮਾਲਾ-ਜਾਪ ਦਿਖਾ ਕੇ, ਹੱਥਾਂ ਤੇ ਸਰਹੋਂ ਜਮਾਉਣ ਵਾਂਗ ਮਦਾਰੀਆਂ ਵਾਲਾ ਪਾਖੰਡ ਪ੍ਰਗਟਾ ਕੇ, ਵੱਡੀਆਂ ਵੱਡੀਆਂ ਡੇਰੇਨੁਮਾ ਆਧੁਨਿਕ ਕਾਲੋਨੀਆਂ ਉਸਾਰ ਕੇ, ਗੁਰਬਾਣੀ ਦੇ ਅਰਥਾਂ ਨਾਲ ਅਨੱਰਥ ਕਰ ਕੇ, **'ਕੰਨਾ-ਮੰਨਾ ਕੂਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ'** ਆਖ ਕੇ ਆਪਣੇ ਗੁਰੂ ਹੋਣ ਦਾ ਝਾਉਲਾ ਦਿੰਦੇ ਹੋਏ, ਆਪਣੇ ਹਲਵੇ-ਮਾਂਡੇ ਦਾ ਪ੍ਰਬੰਧ ਕਰੀ ਬੈਠੇ ਹਨ। ਅੱਜ ਵੀ ਭਾਈ ਮੱਖਣ ਸ਼ਾਹ ਵਾਂਗ ਹਜ਼ਾਰਾਂ ਗੁਰਸਿੱਖ : **'ਗੁਰੂ ਸ਼ਬਦ ਹੈ', 'ਗੁਰੂ ਪ੍ਰਤੱਖ ਹੈ', ਗੁਰੂ ਗ੍ਰੰਥ ਹੈ', 'ਗੁਰਬਾਣੀ ਹੀ ਗੁਰੂ ਹੈ' 'ਪੋਥੀ ਪਰਮੇਸਰ ਕਾ ਥਾਨ ਹੈ'** ਦਾ ਹੋਕਾ ਦੇ ਰਹੇ ਹਨ, ਪਰ ਅਫਸੋਸ-ਦਰ-ਅਫਸੋਸ ਇਹ ਕਿ ਉਨ੍ਹਾਂ ਦੀ ਕਹੀ ਨੂੰ ਸੁਣ ਕੇ ਮੰਨ ਕੋਈ ਨਹੀਂ ਰਿਹਾ। ਫਲਸਰੂਪ ਦੇਹਧਾਰੀ ਗੁਰੂ-ਪਰਪੰਚ

ਬਾਦਸਤੂਰ ਕਾਇਮ ਹੈ। ਇਹ ਡੰਮੀ ਗੁਰੂ, ਰੱਤ ਪੀਣੀਆਂ ਜੋਕਾਂ ਵਾਂਗ ਕੌਮ ਦੇ ਪਿੰਡੇ ਤੇ ਚਿੰਬੜੇ ਹੋਏ ਹਨ। ਸਾਡੀ ਅਗਿਆਨਤਾ ਅਤੇ ਅੰਨ੍ਹੀ ਸ਼ਰਧਾ ਕਾਰਣ ਦੰਭੀ ਗੁਰੂ ਖੁਸ਼ ਹਨ, ਮਾਲਾਮਾਲ ਹੋ ਰਹੇ ਹਨ, ਘਿਉ ਦੇ ਦੀਵੇ ਜਗਾ ਰਹੇ ਹਨ ਅਤੇ ਅਸੀਂ ਆਪਣੀ ਹੀ ਬਰਬਾਦੀ ਦੇ ਭਾਂਬੜ ਵਿੱਚ ਤੇਲ ਪਾ ਕੇ ਫੂਕਾਂ ਮਾਰ ਰਹੇ ਹਾਂ। ਸਾਡੀ ਤਬਾਹੀ ਉੱਤੇ ਡੰਮੀ ਗੁਰੂ ਅਤੇ ਉਨ੍ਹਾਂ ਦੇ ਪਾਲਤੂ ਬਟੇਰੇ ਹੱਸ ਰਹੇ ਹਨ। ਨਿੱਤ ਨਵੇਂ ਦਿਨ ਕੋਈ ਨਵਾਂ ਪਾਖੰਡੀ 'ਡੰਮੀ ਗੁਰੂ' ਬਣ ਕੇ ਉੱਠ ਖਲੋਂਦਾ ਹੈ ਅਤੇ ਖਾਲਸਾ ਪੰਥ ਨੂੰ ਵੰਗਾਰਨ ਲਗਦਾ ਹੈ। ਇਨ੍ਹਾਂ ਤਰਸੋਯਗ ਪ੍ਰਸਥਿਤੀਆਂ ਵਿੱਚ ਜਦੋਂ **'ਆਧੇਰੈ ਰਾਹ ਨ ਕੋਈ'** ਦਿੱਸ ਰਿਹਾ ਹੋਵੇ ਤਾਂ **'ਅਗਾਂਹ ਕੂ ਤ੍ਰਾਂਘਣ'** ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਪ੍ਰਗਟੇ ਰੱਬੀ ਬੋਲਾਂ ਤੋਂ ਅਗਵਾਈ ਪ੍ਰਾਪਤ ਕਰਨੀ ਨਿਹਾਇਤ ਜ਼ਰੂਰੀ ਜਾਪਦੀ ਹੈ। ਬਿਨਾਂ ਕਿਸੇ ਸ਼ਕੇ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਇਹ ਹੀ ਹੈ ਕਿ ਪ੍ਰਭੂ-ਪਰਮਾਤਮਾ ਦੇ ਲੜ ਸਿਰਫ ਸੱਚਾ ਸਤਿਗੁਰੂ ਹੀ ਜੋੜ ਸਕਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪੂਰੇ ਗੁਰੂ ਦੀ ਰਹਿਨੁਮਾਈ ਤੋਂ ਬਗੈਰ ਕੋਈ ਇਨਸਾਨ ਆਤਮਿਕ ਮਾਰਗ ਦਾ ਪੰਧਾਊ ਵੀ ਨਹੀਂ ਬਣ ਸਕਦਾ। ਆਤਮਿਕ ਜੀਵਨ ਦੀਆਂ ਮੰਜ਼ਿਲਾਂ ਛੂਹਣਾ ਤਾਂ ਨਾਮੁਮਕਿਨ ਬਾਤ ਹੈ। ਗੁਰੂ ਬਾਬੇ ਦੇ ਫੁਰਮਾਨ ਹਨ :

**''ਬਿਨੁ ਸਤਿਗੁਰ ਕਿਨੈ ਨ ਪਾਇਓ,**
**ਬਿਨੁ ਸਤਿਗੁਰ ਕਿਨੈ ਨ ਪਾਇਆ॥**
**ਸਤਿਗੁਰ ਵਿਚਿ ਆਪੁ ਰਖਿਓਨੁ,**
**ਕਰਿ ਪਰਗਟੁ ਆਖਿ ਸੁਣਾਇਆ॥'**

....... ........... ........

**'ਗੁਰੁ ਦੇਵਾ ਗੁਰੁ ਅਲਖ ਅਭੇਵਾ॥**
**ਤ੍ਰਿਭਵਣ ਸੋਝੀ ਗੁਰ ਕੀ ਸੇਵਾ॥'**

ਗੁਰੂ ਸਾਹਿਬ ਦਾ ਫੈਸਲਾ ਅਟੱਲ ਹੈ। ਗੁਰੂ ਜੀ ਦੀ ਮੋਹਰ ਅਮਿੱਟ ਹੈ। ਸਿਧ ਗੋਸ਼ਟਿ ਵਿੱਚ ਗੁਰਦੇਵ ਜੀ ਦਾ ਫੁਰਮਾਨ ਹੈ : **''ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨਾ ਪਵਈ ਥਾਇ॥ ਬਿਨੁ ਗੁਰ ਮਨੂਆ ਅਤਿ ਡੁਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥ ਬਿਨੁ ਗੁਰ ਬਿਸੀਅਰ ਡਸੈ ਮਰਿ ਵਾਟ॥ ਨਾਨਕ ਗੁਰ ਬਿਨ ਘਾਟੇ ਘਾਟ॥''**

ਗੁਰੂ ਦੀ ਲੋੜ ਨੂੰ ਨਿਹਾਇਤ ਜ਼ਰੂਰੀ ਦਰਸਾ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਭੀ ਸਪੱਸ਼ਟ ਕਰ ਦਿੱਤਾ ਕਿ 'ਗੁਰੂ' ਕਹਿਣ-ਕਹਾਉਣ ਦਾ ਅਧਿਕਾਰ ਸਿਰਫ 'ਸ਼ਬਦ' ਨੂੰ ਹੀ ਹੈ। ਪੰਜ ਭੂਤਕ ਮਨੁੱਖੀ ਸਰੀਰ ਨੂੰ ਗੁਰੂ ਕਹਿਣਾ 'ਗੁਰੂ ਲਫਜ਼ ਦੀ ਨਿਰਾਦਰੀ ਕਰਨਾ ਹੈ। 'ਸ਼ਬਦ ਦਾ ਓਟ-ਆਸਰਾ ਲੈਣ ਦਾ ਸਾਨੂੰ ਹੁਕਮ ਹੈ। ਗੁਰੂ ਬਾਬੇ ਦਾ ਫੁਰਮਾਨ ਹੈ :

**''ਸ਼ਬਦੇ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥**
**ਬਿਨੁ ਸ਼ਬਦੇ ਜਗੁ ਭੁਲਾ ਫਿਰੈ ਮਰਿ ਜਨਮੈ ਵਾਰੋ ਵਾਰ॥''**

ਗੁਰ-ਇਤਿਹਾਸ ਦੇ ਹਵਾਲਿਆਂ ਮੁਤਾਬਿਕ ਫਰਵਰੀ 1538 ਈ: ਦੀ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧਾਂ-ਨਾਥਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਲੰਮੀ ਗਿਆਨ-ਚਰਚਾ ਹੋਈ। ਸਿੱਧਾਂ-ਨਾਥਾਂ ਨੇ ਗੁਰੂ ਨਾਨਕ ਸਾਹਿਬ ਤੋਂ ਅਨੇਕਾਂ ਸਵਾਲ ਪੁਛੇ ਅਤੇ ਗੁਰੂ ਸਾਹਿਬ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਉਨ੍ਹਾਂ ਦੇ ਹਰ ਸਵਾਲ ਦਾ ਢੁਕਵਾਂ ਜਵਾਬ ਦਿੱਤਾ। ਇਨ੍ਹਾਂ ਸਵਾਲਾਂ-ਜਵਾਬਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਉਚਾਰਿਆ ਅਤੇ ਬਾਣੀ ਨੂੰ ਨਾਮ ਦਿੱਤਾ, **''ਸਿੱਧ ਗੋਸ਼ਟਿ''**। ਇਸੇ ਬਾਣੀ ਵਿੱਚ ਸਿੱਧਾਂ ਦਾ ਇੱਕ ਪ੍ਰਸ਼ਨ ਹੈ :

**''ਕਵਣ ਮੂਲੁ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ॥''**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਵਾਬ ਹੈ:

**''ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥''**

ਗੁਰੂ ਸਾਹਿਬ ਜਾਣਦੇ ਸਨ ਕਿ ਸਵਾਰਥੀ ਅਤੇ ਸ਼ਰਾਰਤੀ ਕਿਸਮ ਦੇ ਲੋਕ ਇਨ੍ਹਾਂ ਸ਼ਬਦਾਂ ਨੂੰ ਤੋੜ-ਮਰੋੜ ਕੇ ਮਨਭਾਉਂਦੇ ਅਰਥ ਕੱਢ ਕੇ ਆਪਣੀਆਂ ਵਿਹਲੜ ਗੋਗੜਾਂ ਨੂੰ ਝੁਲਕਾ ਦੇਣ ਦਾ ਉਪਰਾਲਾ ਕਰਨਗੇ, ਸੋ ਸ਼ਬਦ ਗੁਰੂ' ਦੇ ਇਸੇ ਸਿਧਾਂਤ ਨੂੰ ਗੁਰੂ ਸਾਹਿਬ ਨੇ 'ਸਿਧ ਗੋਸਟਿ' ਦੀ 59ਵੀਂ ਪਾਉੜੀ ਵਿੱਚ ਹੋਰ ਵੀ ਸਪੱਸ਼ਟ ਕਰ ਦਿੱਤਾ :

**''ਸ਼ਬਦਿ ਗੁਰੂ ਭਵਸਾਗਰੁ ਤਰੀਐ,**
**ਇਤ ਉਤ ਏਕੋ ਜਾਣੈ॥**
**ਚਿਰਨੁ ਵਰਨੁ ਨਹੀ ਛਾਇਆ ਮਾਇਆ,**
**ਨਾਨਕ ਸਬਦੁ ਪਛਾਣੈ॥''**

ਸਿਰੀ ਰਾਗ ਵਿੱਚ ਗੁਰੂ ਨਾਨਕ ਸਾਹਿਬ ਨੇ ਇੱਕ ਹੀ ਪੰਕਤੀ ਵਿੱਚ ਫੈਸਲਾ ਸੁਣਾ ਦਿੱਤਾ। ਗੁਰਵਾਕ ਹੈ : **''ਮਨ ਰੇ, ਸਬਦਿ ਤਰਹੁ ਚਿਤੁ ਲਾਇ॥''**

ਗੁਰੂ ਸਾਹਿਬ ਦੇ ਫੈਸਲਾਕੁੰਨ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਵੀ ਅੱਜ ਬਹੁਤ ਸਾਰੇ ਸਿੱਖ 'ਸ਼ਬਦ ਗੁਰੂ' ਦਾ ਪੱਲਾ ਛੱਡ ਕੇ 'ਆਪੂ ਬਣੇ ਮਾਰਡਨ ਗੁਰੂਆਂ' ਦੀ ਪੂਛ ਪਕੜੀ ਬੈਠੇ ਹਨ। ਭੁਲੇਖੇ ਵਿੱਚ ਪਾਉਣ ਲਈ ਇਨ੍ਹਾਂ ਦੰਭੀ ਗੁਰੂਆਂ ਦੇ ਪਾਲਤੂ ਬਟੇਰਿਆਂ ਵੱਲੋਂ ਪਰਚਾਰਿਆ ਜਾਂਦਾ ਹੈ ਕਿ ਵਾਹਿਗੁਰੂ ਨਾਲ ਉਹ ਹੀ ਮਿਲਾ ਸਕਦਾ ਹੈ, ਜੋ ਉਸ ਨਾਲ ਜੁੜਿਆ ਹੋਵੇ। ਇਹ ਧਾਰਮਿਕਤਾ ਦੇ ਵੈਰੀ ਦੇਹਧਾਰੀਆਂ ਅਤੇਅਧਿਆਤਮਿਕਤਾ ਦੇ ਦੁਸ਼ਮਣ ਅਜੋਕੇ ਲੋਟੂਆਂ ਦੀ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਇੱਕ ਚਾਲ ਹੈ। ਸੱਚ ਤਾਂ ਇਹ ਹੈ ਕਿ 'ਗੁਰਬਾਣੀ' ਮਹਾਨ ਸਿੱਖ ਸਤਿਗੁਰਾਂ ਅਤੇ ਪਰਮਾਤਮ ਰੂਪ ਹੋਏ ਗੁਰ-ਪਰਵਾਨਤ ਭਗਤਾਂ ਦੀ ਵਾਹਿਗੁਰੂ ਨਾਲ ਹੋਈ ਇਕਮਿਕਤਾ ਅਤੇ ਅਭੇਦਤਾ ਦੀ ਉਪਜ ਅਥਵਾ ਅਨੁਭਵ ਹੈ। 'ਸ਼ਬਦ' ਜਿਥੇ ਵਾਹਿਗੁਰੂ-ਮਿਲਾਪ ਤੋਂ ਉਪਜੀ ਅਗੰਮੀ ਅਨਾਦੀ ਅਵਸਥਾ ਦਾ ਜ਼ਿਕਰ ਕਰਦਾ ਹੈ, ਉਥੇ ਵਾਹਿਗੁਰੂ-ਮਿਲਾਪ ਦੇ ਰਾਹ ਵਿੱਚ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਭੀ ਕਰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੇ ਆਰੰਭ-ਕਾਲ ਤੱਕ 100 ਵਰ੍ਹਿਆਂ ਦੇ ਲੰਮੇ ਇਤਿਹਾਸ ਨੇ, ਜਦੋਂ 'ਦੇਹਧਾਰੀ ਗੁਰੂ' ਨਾਂ ਦੀ ਕੋਈ ਚੀਜ਼ ਨਹੀਂ ਸੀ, ਇਹ ਦੱਸ ਦਿੱਤਾ ਕਿ 'ਸ਼ਬਦ' ਤੋਂ ਅਗਵਾਈ ਲੈ ਕੇ ਸਿੰਘ ਕਿਸ ਤਰ੍ਹਾਂ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਦਾ ਟਾਕਰਾ ਕਰ ਸਕਦੇ ਹਨ। ਇਹ 'ਸ਼ਬਦ' ਹੀ ਸੀ, ਜਿਸ ਨੇ ਰੰਕਾਂ ਨੂੰ ਰਾਜੇ ਬਣਾ ਦਿੱਤਾ ਅਤੇ ਛੰਭਾਂ ਦੀਆਂ ਛੁਪਣਗਾਹਾਂ ਵਿੱਚ ਠਾਹਰਾਂ ਲੈਣ ਵਾਲੇ ਰਾਜਗੱਦੀਆਂ ਤੇ ਬਿਰਾਜਮਾਨ ਹੋਏ। 'ਸ਼ਬਦ ਗੁਰੂ' ਦੀ ਓਟ ਲੈ ਕੇ ਉਸ ਸਮੇਂ ਸਿੱਖਾਂ ਨੇ ਆਪਣੇ ਸਰੀਰਾਂ 'ਤੇ ਜਿਵੇਂ ਅਡੋਲ ਰਹਿ ਕੇ ਜੋ ਕਸ਼ਟ ਸਹਾਰੇ, ਉਹ ਆਪਣੀ ਮਿਸਾਲ ਆਪ ਹਨ। ਸ਼ਬਦ ਗੁਰੂ ਦੀ ਓਟ-ਆਸਰੇ ਰਹਿਣ ਵਾਲੇ ਸ਼ਰਧਾਲੂ ਗੁਰਸਿੱਖਾਂ ਨੂੰ ਸਮੇਂ ਦੀ ਜਾਬਰ ਹਕੂਮਤ ਵੱਲੋਂ

ਚਰਖੜੀਆਂ ਤੇ ਚਾੜ੍ਹ ਕੇ ਤੂੰਬਾ ਤੂੰਬਾ ਕੀਤਾ ਗਿਆ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ, ਜੰਬੂਰਾਂ ਨਾਲ ਮਾਸ ਨੋਚਿਆ ਗਿਆ, ਹਾਥੀਆਂ ਦੀਆਂ ਸੁੰਮਾਂ ਥੱਲੇ ਲਤਾੜਿਆ ਗਿਆ, ਘੋੜਿਆਂ ਮਗਰ ਬੰਨ ਕੇ ਘੜੀਸਿਆਂ ਗਿਆ, ਅੱਧਾ ਧੜ ਧਰਤੀ ਵਿੱਚ ਗੱਡ ਕੇ ਅੱਧਾ ਤੋਪਾਂ ਨਾਲ ਉਡਾਇਆ ਗਿਆ, ਬੱਚਿਆਂ ਦੇ ਟੋਟੇ ਕਰ ਕੇ ਹਾਰ ਮਾਵਾਂ ਦੇ ਗਲ ਵਿੱਚ ਪਾਏ ਗਏ, ਤਰ੍ਹਾਂ-ਤਰ੍ਹਾਂ ਦੇ ਭ੍ਰਮ-ਡਰਾਵਿਆਂ ਦੇ ਨਾਲ-ਨਾਲ ਵੱਡੇ-ਵੱਡੇ ਲੋਭ-ਲਾਲਚ ਵੀ ਦਿੱਤੇ ਗਏ, ਪ੍ਰੰਤੂ ਅਜਿਹੀ ਇੱਕ ਵੀ ਉਦਾਹਰਣ ਇਤਿਹਾਸ ਦੇ ਪੰਨਿਆਂ 'ਤੇ ਨਹੀਂ ਮਿਲਦੀ ਕਿ ਕੋਈ ਇੱਕ ਗੁਰਸਿੱਖ ਵੀ ਆਪਣੇ ਸ਼ਬਦ ਗੁਰੂ ਦੇ ਗੁਰਮਤ ਗਾਡੀ ਰਾਹ ਤੋਂ ਤਿਲਕਿਆ ਹੋਵੇ। ਏਅਰ ਕੰਡੀਸ਼ਨ ਗੱਡੀਆਂ ਝੂਟਣ ਵਾਲੇ, ਮਖਮਲੀ ਸੇਜਾਂ ਮਾਨਣ ਵਾਲੇ ਅਜੋਕੇ ਮਾਡਰਨ ਗੁਰੂ ਅਤੇ ਉਨ੍ਹਾਂ ਦੇ ਚੇਲੇ-ਚਾਟੜੇ ਤਾਂ ਅਜਿਹੇ ਕਸ਼ਟਾਂ ਦੇ ਨਾਂ-ਮਾਤਰ ਨਾਲ ਹੀ ਤ੍ਰਾਹ ਉੱਠਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਲਿਖੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਇਸੇ ਦਮਦਮੀ ਬੀੜ ਦੇ ਉਤਾਰੇ ਨੂੰ ਗੁਰਗੱਦੀ ਦਿੱਤੀ ਗਈ। ਇਸੇ ਬੀੜ ਦੇ ਉਤਾਰੇ ਨੂੰ 'ਸ਼ਬਦ ਗੁਰੂ' ਮੰਨਣ ਦੇ ਹੁਕਮ ਹੋਏ। ਇਸੇ ਹੀ ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹੋਰ ਰੂਪ ਛਪ ਕੇ ਤਿਆਰ ਹੋਏ ਅਤੇ ਅੱਜ ਕੱਲ੍ਹ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਭ ਸੰਗਤਾਂ ਵਿੱਚ ਪ੍ਰਚਲਤ ਹਨ।

ਇਸ ਸੰਸਾਰ ਵਿੱਚ 36 ਪਦਾਰਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਐਸੇ ਰੂਹਾਨੀ ਥਾਲ ਵਾਂਗ ਪਰੋਸਿਆ ਗਿਆ, ਜਿਸ ਵਿੱਚ 36 ਪਦਾਰਥਾਂ ਵਾਂਗ 36 ਮਹਾਂਪੁਰਖਾਂ ਦੀ ਬਾਣੀ ਹੈ। ਇਹ ਪ੍ਰਭੂ-ਰੂਪ ਮਹਾਂਪੁਰਖ ਨਿਮਨਲਿਖਤ ਹਨ:

6 **ਸਿੱਖ ਗੁਰੂ ਸਾਹਿਬਾਨ** : ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ।

15 **ਪ੍ਰਭੂ-ਭਗਤ** : ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤਿਰਲੋਚਨ ਜੀ, ਭਗਤ ਧੰਨਾ ਜੀ, ਭਗਤ ਸੈਨ ਜੀ, ਭਗਤ ਜੈਦੇਵ ਜੀ, ਭਗਤ ਪੀਪਾ ਜੀ, ਭਗਤ ਸੂਰਦਾਸ ਜੀ, ਬਾਬਾ ਫਰੀਦ ਜੀ, ਭਗਤ ਪ੍ਰਮਾਨੰਦ ਜੀ, ਭਗਤ ਸਧਨਾ ਜੀ, ਭਗਤ ਬੇਣੀ ਜੀ, ਭਗਤ ਰਾਮਾਨੰਦ ਜੀ, ਭਗਤ ਭੀਖਨ ਜੀ।

11 **ਭੱਟ** : ਕਲਸਹਾਰ ਜੀ, ਜਾਲਪ ਜੀ, ਕੀਰਤ ਜੀ, ਭਿਖਾ ਜੀ, ਸਲ ਜੀ, ਭਲ ਜੀ, ਨਲ ਜੀ, ਗਯੰਦ ਜੀ, ਮਥੁਰਾ ਜੀ, ਬਲ ਜੀ, ਹਰਿਬੰਸ ਜੀ।

4 **ਗੁਰਸਿੱਖ** : ਬਾਬਾ ਸੁੰਦਰ ਜੀ, ਭਾਈ ਮਰਦਾਨਾ ਜੀ, ਰਬਾਬੀ ਸਤੈ ਡੂਮਿ ਜੀ ਅਤੇ ਰਾਇ ਬਲਵੰਡ ਜੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਹੀ ਗੁਰਬਾਣੀ ਸਮੁੱਚੀ ਮਨੁੱਖਤਾ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ ਹੈ। ਇਹ ਕਿਸੇ ਇੱਕ ਖਾਸ ਵਰਗ ਲਈ ਨਹੀਂ। ਸਾਰੀ ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਜੋ ਵੀ ਪ੍ਰਾਣੀ ਇਸ ਉੱਤੇ ਸ਼ਰਧਾ ਧਾਰਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਤਰ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 982 ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ : **"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥"** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਦੁਨੀਆਂ ਲਈ ਗਿਆਨ ਦਾ ਸਾਗਰ ਹੈ ਅਤੇ ਹਰ ਪ੍ਰਾਣੀ ਲਈ ਗਿਆਨ ਪ੍ਰਾਪਤ ਕਰਨ ਦਾ ਸੋਮਾ ਹੈ। ਸਾਗਰ ਦੇ ਗਹਿਰੇ ਤਲ ਵਿੱਚ ਹੀਰੇ-ਮੋਤੀ ਹੁੰਦੇ ਹਨ, ਤੱਟ ਉੱਤੇ ਘੋਗੇ-ਸਿੱਪੀਆਂ ਕੰਕਰ-ਪੱਥਰ ਅਤੇ ਸਤਹਿ ਉੱਤੇ ਲਹਿਰਾਂ ਹੁੰਦੀਆਂ ਹਨ। ਤੱਟ ਨੂੰ ਛੱਡ ਕੇ, ਲਹਿਰਾਂ ਨੂੰ ਚੀਰ ਕੇ ਸਾਗਰ ਦੀ ਡੂੰਘਾਈ ਵਿੱਚ ਜਾਇਆਂ ਹੀ ਹੀਰੇ ਮੋਤੀ ਪ੍ਰਾਪਤ ਹੋ ਸਕਦੇ ਹਨ। ਇਵੇਂ ਹੀ ਦਿਖਾਵੇ-ਪਾਖੰਡ ਦੀਆਂ ਚਤੁਰਾਈਆਂ ਦੇ ਤਲ ਨੂੰ ਛੱਡ ਕੇ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਅਤੇ ਤ੍ਰਿਸ਼ਨਾ ਦੀਆਂ ਲਹਿਰਾਂ ਨੂੰ ਚੀਰ ਕੇ ਸੱਚੀ ਪ੍ਰੀਤ, ਅਥਾਹ ਸ਼ਰਧਾ ਅਤੇ ਦ੍ਰਿੜ ਵਿਸ਼ਵਾਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਡੂੰਘਾਈ ਨਾਲ ਵਿਚਾਰਿਆ ਗਿਆਨ ਦੇ ਅਨਮੋਲ ਹੀਰੇ ਪ੍ਰਾਪਤ ਹੁੰਦੇ ਹਨ। ਆਤਮ-ਰਸ ਅਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸੱਚ ਕੀ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸਿਆ ਗਿਆ ਹੈ ਕਿ ਸੱਚ ਕੇਵਲ ਪਰਮਾਤਮਾ ਅਤੇ ਉਸ ਦਾ ਨਾਮ ਹੈ। ਬ੍ਰਹਿਮੰਡ ਦਾ ਮੁੱਢ ਪਰਮਾਤਮਾ ਹੈ, ਉਹ ਬ੍ਰਹਿਮੰਡ ਦੀ ਹੋਂਦ ਤੋਂ ਪਹਿਲਾਂ ਵੀ ਸੀ, ਆਰੰਭ ਵਿੱਚ ਵੀ ਸੀ, ਹੁਣ ਵੀ ਹੈ ਅਤੇ ਅਗਾਂਹ ਵੀ ਹੋਵੇਗਾ। ਗੁਰਬਾਣੀ ਦਾ ਫੁਰਮਾਨ ਹੈ, **"ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"** ਵੱਖ-ਵੱਖ ਇਲਾਕਿਆਂ ਦੇ ਲੋਕ, ਵੱਖ-ਵੱਖ ਧਰਮਾਂ ਦੇ ਮਹਾਂਪੁਰਖ ਉਸ ਨੂੰ ਵੱਖ-ਵੱਖ ਨਾਵਾਂ ਨਾਲ ਪੁਕਾਰਦੇ ਹਨ, ਪਰ ਹੈ ਉਹ ਇੱਕ ਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 885 'ਤੇ ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ, **"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆਂ ਕੋਈ ਅਲਾਹਿ ॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥"** ਸ੍ਰੀ ਗ੍ਰੰਥ ਸਾਹਿਬ ਜੀ ਵਿੱਚ ਪਰਮਾਤਮਾ ਦੇ ਸਰੂਪ ਦਾ ਵਰਨਣ ਕਰਦਿਆਂ ਫੁਰਮਾਇਆ ਗਿਆ ਹੈ, **"ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥"** ਭਾਵ ਕਿ ਉਹ ਪਰਮਾਤਮਾ ਆਪ ਹੀ ਸਭ ਰੂਪਾਂ ਵਾਲਾ ਹੈ, ਰੂਪ ਰਹਿਤ ਵੀ ਹੈ, ਅਕਾਰ ਰਹਿਤ ਵੀ ਹੈ, ਸੁੰਨ-ਸਮਾਧੀ ਵਿੱਚ ਵੀ ਆਪ ਵਰਤਦਾ ਸੀ ਅਤੇ ਸਾਰਾ ਪਸਾਰਾ ਵੀ ਉਸੇ ਦਾ ਹੈ। ਇਵੇਂ ਹੀ ਪ੍ਰਭੂ ਦੇ ਨਿਵਾਸ ਬਾਰੇ ਗੁਰਬਾਣੀ ਨੇ ਬੜਾ ਸਪੱਸ਼ਟ ਆਖਿਆ ਹੈ ਕਿ ਉਹ ਹਰ ਥਾਂ, ਹਰ ਪਲ ਵਰਤ-ਵਿਚਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 684 ਤੇ ਨੌਂਵੇਂ ਪਾਤਸ਼ਾਹ ਦਾ ਫੁਰਮਾਨ ਹੈ, **"ਪੁਹਪ ਮਧਿ ਜਿਉ ਬਾਸ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜੋ ਭਾਈ ॥"** ਜਿਵੇਂ ਫੁੱਲ ਵਿੱਚ ਸੁਗੰਧੀ ਵਸਦੀ ਹੈ, ਜਿਵੇਂ ਸ਼ੀਸ਼ੇ ਵਿੱਚ ਅਕਸ ਦਿੱਸਦਾ ਹੈ, ਤਿਵੇਂ ਪਰਮਾਤਮਾ ਸਭਨਾਂ ਅੰਦਰ ਵਸਦਾ ਹੈ। ਪਰਮਾਤਮਾ ਕਿਤਨਾ ਕੁ ਨੇੜੇ ਹੈ, ਇਸ ਬਾਰੇ ਗੁਰਬਾਣੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਫੁਰਮਾਨ ਹੈ, **"ਸਰਬੇ ਏਕੁ ਅਨੇਕੇ ਸੁਆਮੀ, ਸਭ ਘਟ ਭੁਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ, ਸਹਿਜੇ ਹੋਇ ਸੁ ਹੋਈ ॥"** ਸਭਨਾਂ ਵਿੱਚ ਵੱਸਣ ਵਾਲੇ ਪ੍ਰਭੂ ਨੂੰ ਕਿਵੇਂ ਪਾਇਆ ਜਾ ਸਕਦਾ ਹੈ? ਗੁਰਬਾਣੀ ਨੇ ਅਗਵਾਈ ਦਿੱਤੀ ਹੈ ਕਿ ਪ੍ਰਭੂ ਨੂੰ ਆਪਣੇ ਹੀ ਅੰਤਰ-ਆਤਮੇ ਵਿੱਚੋਂ ਖੋਜਣਾ ਚਾਹੀਦਾ ਹੈ। ਫੁਰਮਾਨ ਹੈ, **"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮ ॥"**

ਗੁਰਬਾਣੀ ਨੇ ਵਾਰ-ਵਾਰ ਮਨੁੱਖ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ 'ਸੱਚ' ਨੂੰ ਪਾਉਣਾ ਹੈ ਤਾਂ ਬਾਹਰਲੇ ਭੇਖਾਂ-ਪਾਖੰਡਾਂ ਨੂੰ ਤਿਆਗ ਕੇ ਅੰਦਰੋਂ ਹਿਰਦੇ ਤੋਂ ਸੱਚੇ ਹੋਣਾ ਪਵੇਗਾ। 'ਆਸਾ ਜੀ ਦੀ ਵਾਰ' ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ, **"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਹੋਇ ॥"**

ਸੱਚ ਤਾਂ ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੱਬੀ ਮਹਾਂਵਾਕਾਂ ਤੋਂ ਲਈ ਗਈ ਅਮਲੀ ਸੇਧ ਹੀ ਹਲਤ-ਪਲਤ ਦੇ ਸਾਰੇ ਸੁੱਖਾਂ ਦੀ ਕੁੰਜੀ ਹੈ...

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਇਸ ਸਮੇਂ ਸੰਸਾਰ ਬਹਤੁ ਹੀ ਨਾਜ਼ੁਕ ਦੌਰ ਵਿੱਚ ਗੁਜ਼ਰ ਰਿਹਾ ਹੈ। ਇਕ ਪਾਸੇ ਇਸ ਸਦੀ ਨੂੰ ਗਿਆਨ ਤੇ ਸੂਚਨਾ ਦੀ ਸਦੀ ਆਖਿਆ ਜਾਂਦਾ ਹੈ ਦੂਜੇ ਪਾਸੇ ਸੰਸਾਰ ਦੀ ਅੱਧੀ ਤੋਂ ਵੱਧ ਵੱਸੋਂ ਦੀ ਪਹੁੰਚ ਤੋਂ ਗਿਆਨ ਅਤੇ ਸੂਚਨਾ ਸਾਧਨ ਬਾਹਰ ਹੈ।

ਇਸ ਸਮੇਂ ਸੰਸਾਰ ਨੂੰ ਇਕ ਅਜਿਹੀ ਸੇਧ ਦੀ ਲੋੜ ਹੈ ਜਿਸ ਸਦਕਾ ਸੰਸਾਰ ਨੂੰ ਤਬਾਹੀ ਦੇ ਰਸਤੇ ਤੋਂ ਵਾਪਸ ਮੋੜਿਆ ਜਾ ਸਕੇ। ਇਕ ਅਜਿਹੀ ਜੀਵਨ ਜਾਂਚ ਦੀ ਲੋੜ ਹੈ ਜੋ ਸੰਸਾਰ ਵਿੱਚੋਂ ਨਫਰਤ ਤੇ ਈਰਖਾ ਨੂੰ ਦੂਰ ਕਰ ਸਕੇ।

ਇਕ ਅਜਿਹੇ ਫਲਸਫੇ ਦੀ ਲੋੜ ਹੈ ਜਿਸ ਰਾਹੀਂ ਹਉਮੈਂ ਅਤੇ ਲਾਲਸਾ ਦੀ ਥਾਂ ਆਪਸੀ ਪਿਆਰ, ਹਮਦਰਦੀ ਅਤੇ ਮਿਲਵਤਰਣ ਵਿੱਚ ਵਾਧਾ ਹੋਵੇ। ਇਨ੍ਹਾਂ ਸਭਨਾਂ ਦਾ ਉਤਰ ਉਸ ਪਵਿੱਤਰ ਅਤੇ ਅਨੋਖੇ ਗ੍ਰੰਥ ਵਿੱਚ ਹੈ ਜਿਸ ਦੀ ਸੰਪਾਦਨਾ 414 ਸੌ ਸਾਲ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਇਸ ਮਹਾਨ ਗ੍ਰੰਥ ਵਿੱਚ ਕਾਵਿ ਕਲਾ ਆਪਣੇ ਸਿਖਰ ਉੱਤੇ ਹੈ ਉੱਥੇ ਸਾਰੀ ਲੁਕਾਈ ਲਈ ਅਜਿਹੀ ਜੀਵਨ ਜਾਂਚ ਦੀ ਬਖਸ਼ਿਸ਼ ਕੀਤੀ ਗਈ ਹੈ ਜਿਸ ਨੂੰ ਅਪਨਾਇਆ ਇਸ ਸੰਸਾਰ ਵਿੱਚੋਂ ਨਫਰਤ, ਊਚ ਨੀਚ, ਲੜਾਈ ਝਗੜੇ ਅਤੇ ਗਰੀਬੀ ਖਤਮ ਹੋ ਸਕਦੇ ਹਨ। ਇਸ ਸੰਸਾਰ ਨੂੰ ਸਵਰਗ ਰੂਪ ਪ੍ਰਾਪਤ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਮਹਾਨ ਆਤਮਾਵਾਂ ਨੇ ਉਦੋਂ ਕੀਤੀ ਜਦੋਂ ਉਹ ਉਸ ਕਾਦਰ ਨਾਲ ਇਕਮਿਕ ਹੁੰਦੇ ਸਨ ਤੇ ਉਨ੍ਹਾਂ ਨੇ ਉਸੇ ਆਦੇਸ਼ਾਂ ਨੂੰ ਆਪਣੇ ਸ਼ਬਦ ਦੇ ਕੇ ਮਾਨਵਤਾ ਤੀਕ ਪਹੁੰਚਾਇਆ। ਇਸੇ ਤੱਥ ਦੀ ਪੁਸ਼ਟੀ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ਗੁਰੂ ਗ੍ਰੰਥ ਵਿੱਚ ਕਰਦੇ ਹਨ :-

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਸੇ ਇਕ ਧਰਮ ਦਾ ਪੱਖ ਪੇਸ਼ ਨਹੀਂ ਕੀਤਾ ਗਿਆ, ਸਗੋਂ ਸਮੁੱਚੀ ਮਾਨਵਤਾ ਦੇ ਕਲਿਆਣ ਬਾਰੇ ਆਦੇਸ਼ ਦਿੱਤਾ ਗਿਆ ਹੈ। ਸਿੱਖ ਗੁਰੂਆਂ ਨੇ ਇਸ ਗ੍ਰੰਥ ਰਾਹੀਂ ਸ਼ਬਦ ਨੂੰ ਮਹਾਨਤਾ ਦੂਜੀ ਵਾਰ ਨਹੀਂ ਬਖਸ਼ੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਸ਼ਬਦ ਨੂੰ ਗੁਰੂ ਬਣਾਇਆ ਹੈ। ਇਹ ਅਟੱਲ ਸਚਾਈ ਹੈ ਕਿ ਸ਼ਬਦ ਹੀ ਸਦੀਵੀ ਹੈ ਸਰੀਰ ਨਹੀਂ। ਆਦੇਸ਼ ਸ਼ਬਦ ਹੀ ਦੇ ਸਕਦਾ ਹੈ ਸਰੀਰ ਨਹੀਂ। ਇੰਝ ਦਸਮ ਪਿਤਾ ਨੇ ਆਦਿ ਗ੍ਰੰਥ ਨੂੰ ਜੁਗੋ ਜੁਗ ਅਟੱਲ ਗੁਰੂ ਥਾਪਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ 31 ਨਿਰਧਾਰਤ ਰਾਗਾਂ ਵਿੱਚ ਗਾਇਨ ਕੀਤਾ ਹੋਇਆ ਹੈ। ਇੰਜ ਜਿਥੇ ਇਹ ਬਾਣੀ ਜੀਵ ਸੇਧ ਬਖਸ਼ਦੀ ਹੈ, ਉਥੇ ਇਸ ਦਾ ਗਾਇਨ ਸਰੋਤੇ ਦੇ ਅੰਦਰੋਂ ਕੂੜ, ਅਹੰਕਾਰ, ਕਾਮ, ਕ੍ਰੋਧ, ਲੋਭ ਅਤੇ ਮੋਹ ਦੀ ਮੈਲ ਨੂੰ ਧੋ ਦਿੰਦਾ ਹੈ। ਉਹ ਕਾਦਰ ਨਾਲ ਇਕਮਿਕ ਹੋ ਕੇ ਆਪੇ ਨੂੰ ਭੁਲ ਉਸੇ ਦਾ ਸੇਵਕ ਬਣ ਜਾਂਦਾ ਹੈ।

● ● ●

## ਦੁਆਵਾਂ ਰੱਦ ਨਹੀਂ ਹੁੰਦੀਆਂ ਬਸ ਬੇਹਤਰੀਨ ਸਮੇਂ ਤੇ ਕਬੂਲ ਹੁੰਦੀਆਂ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਸ ਤਰ੍ਹਾਂ 'ਆਦਿ ਗ੍ਰੰਥ' 'ਆਦਿ ਸ੍ਰੀ ਗੁਰੂ ਗ੍ਰੰਥ' ਆਦਿ। ਆਮ ਸੌਖੀ, ਸਰਲ ਤੇ ਪੇਂਡੂ ਭਾਸ਼ਾ ਵਿੱਚ ਇਸ ਨੂੰ 'ਦਰਬਾਰ ਸਾਹਿਬ' (ਰੱਬੀ ਅਦਾਲਤ) ਵੀ ਕਿਹਾ ਜਾਂਦਾ ਹੈ। ਭਾਵੇਂ 'ਆਦਿ ਗ੍ਰੰਥ' ਦਾ ਸੰਕਲਨ 1604 ਈ. ਵਿੱਚ ਹੋਇਆ ਪਰ ਇਸ ਵਿੱਚ ਸ਼ਾਮਲ ਬਾਣੀ ਨੂੰ ਲਿਖਣ ਤੇ ਇਕੱਤਰ ਕਰਨ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ।

'ਆਦਿ ਗ੍ਰੰਥ' ਦੀ ਸੰਪਾਦਨਾ ਸਿੱਖ ਇਤਿਹਾਸ ਵਿੱਚ ਇਕ ਅਤਿ ਅਹਿਮ ਘਟਨਾ ਹੈ। ਇਸ ਪਵਿੱਤਰ ਗ੍ਰੰਥ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਦੁਆਰਾ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਇਹ ਖਾਹਿਸ਼ ਭਾਈ ਗੁਰਦਾਸ ਕੋਲ ਪ੍ਰਗਟ ਕੀਤੀ। ਉਪ੍ਰੰਤ ਸਿੱਖਾਂ ਨੂੰ ਵੱਖ-ਵੱਖ ਇਲਾਕਿਆਂ ਵਿੱਚ ਸੁਨੇਹੇ ਭੇਜੇ ਕਿ ਜਿਸ ਪਾਸ ਵੀ ਗੁਰੂ ਸਾਹਿਬਾਨ ਦੀ ਬਾਣੀ ਹੈ ਉਹ ਆਪਣੇ ਨਾਲ ਲੈ ਕੇ ਗੁਰੂ ਦੇ ਸਨਮੁੱਖ ਹਾਜ਼ਰ ਹੋਵੇ। ਇਸ ਤਰ੍ਹਾਂ ਸੂਫੀਆਂ, ਸੰਤਾਂ, ਭਗਤਾਂ ਦਿਆਂ ਚੇਲਿਆਂ ਨੂੰ ਵੀ ਕਹਿ ਭੇਜਿਆ ਕਿ ਉਹ ਆਪਣੇ ਵਡੇਰਿਆਂ ਦੀਆਂ ਰਚਨਾਵਾਂ ਗੁਰੂ ਸਾਹਿਬ ਪਾਸ ਭੇਜਣ ਤਾਂ ਕਿ ਉਨ੍ਹਾਂ ਵੱਲੋਂ ਸੰਪਾਦਤ ਹੋਣ ਵਾਲੇ 'ਗ੍ਰੰਥ' ਵਿੱਚ ਸ਼ਾਮਿਲ ਕੀਤੀਆਂ ਜਾ ਸਕਣ।


**ਇੰਜੀਨੀਅਰ ਪਰਮਿੰਦਰਜੀਤ ਸਿੰਘ**

**99153-57524**




ਨਿਰਸੰਦੇਹ ਇਸ ਮਹਾਨ ਗ੍ਰੰਥ ਦੇ ਸੰਕਲਨ ਦਾ ਕਾਰਜ ਕੋਈ ਸੌਖਾ ਕੰਮ ਨਹੀਂ ਸੀ। ਸਭ ਤੋਂ ਪਹਿਲੀ ਮੁਸ਼ਕਿਲ ਤਾਂ ਗੁਰੂ ਸਾਹਿਬਾਨ ਦੀ ਬਾਣੀ ਜੋ ਕਿ ਵੱਖ-ਵੱਖ ਥਾਵਾਂ 'ਤੇ ਪਈ ਸੀ, ਨੂੰ ਇਕੱਤਰ ਕਰਨ ਦੀ ਸੀ। ਕਿਹਾ ਜਾਂਦਾ ਹੈ ਕਿ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਬਾਣੀ 'ਪੋਥੀਆਂ' ਦੇ ਰੂਪ ਵਿੱਚ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਸੀ। ਬਾਬਾ ਜੀ ਪਾਸੋਂ ਗੁਰ-ਬਾਣੀ ਨੂੰ ਪ੍ਰਾਪਤ ਕਰਨ ਵਿੱਚ ਬਹੁਤ ਕਠਨਾਈ ਦਾ ਸਾਹਮਣਾ ਕਰਨਾ ਪਿਆ। ਰਵਾਇਤ ਅਨੁਸਾਰ, ਪਹਿਲਾਂ ਭਾਈ ਗੁਰਦਾਸ ਤੇ ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਮੋਹਨ ਜੀ ਪਾਸ ਇਸ ਕਾਰਜ ਲਈ ਭੇਜਿਆ ਪਰ ਇਹ ਦੋਵੇਂ ਗੁਰਸਿੱਖ 'ਬਾਣੀ' ਪ੍ਰਾਪਤ ਕਰਨ ਵਿੱਚ ਅਸਫਲ ਰਹੇ। ਫਿਰ ਗੁਰੂ ਸਾਹਿਬ ਖੁਦ ਚਲ ਕੇ ਗੋਇੰਦਵਾਲ ਪਹੁੰਚੇ ਤੇ ਬਾਬਾ ਜੀ ਤੋਂ ਗੁਰਬਾਣੀ ਵਾਲੀਆਂ ਪੋਥੀਆਂ ਪ੍ਰਾਪਤ ਕੀਤੀਆਂ। ਪ੍ਰਾਪਤੀ ਉਪ੍ਰੰਤ ਇਨ੍ਹਾਂ ਪੋਥੀਆਂ ਨੂੰ ਖੂਬਸੂਰਤ ਪਾਲਕੀ ਵਿੱਚ ਸਜਾਇਆ ਗਿਆ। ਇਹ ਪਾਲਕੀ ਚਾਰ ਸਿੱਖਾਂ ਨੇ ਆਪਣੇ ਮੋਢਿਆਂ 'ਤੇ ਚੁੱਕੀ ਤੇ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਏ। ਗੁਰੂ ਅਰਜਨ ਸਾਹਿਬ ਖੁਦ ਨੰਗੇ ਪੈਰੀਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੇ ਸਨ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ। ਇਹ ਕਾਫਲਾ ਕੁਝ ਚਿਰ ਲਈ ਖਡੂਰ ਸਾਹਿਬ ਗੁਰੂ ਅੰਗਦ ਦੇਵ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਹਿੱਤ ਰੁਕਿਆ। ਜਦ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਅੰਮ੍ਰਿਤਸਰ ਵਿਖੇ ਇਹ ਖਬਰ ਮਿਲੀ ਕਿ ਗੁਰੂ ਅਰਜਨ ਸਾਹਿਬ 'ਪੋਥੀਆਂ' ਸਮੇਤ ਅੰਮ੍ਰਿਤਸਰ ਆ ਰਹੇ ਹਨ ਤਾਂ ਆਪ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੂੰ ਨਾਲ ਲੈ ਕੇ 'ਪੋਥੀਆਂ' ਦਾ ਸਵਾਗਤ ਕਰਨ ਹਿੱਤ ਅੰਮ੍ਰਿਤਸਰ ਤੋਂ ਚੱਲ ਪਏ। ਅੰਮ੍ਰਿਤਸਰ ਤੋਂ ਕੋਈ ਦੋ ਕੋਹ ਦੀ ਵਿੱਥ 'ਤੇ ਆਪ ਨੇ ਗੁਰੂ-ਪਿਤਾ ਨੂੰ ਮੱਥਾ ਟੇਕਿਆ ਤੇ 'ਪੋਥੀਆਂ' 'ਤੇ ਫੁੱਲਾਂ ਦੀ ਵਰਖਾ ਕੀਤੀ। ਹੁਣ ਗੁਰੂ ਅਰਜਨ ਸਾਹਿਬ,

ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ 'ਪੋਥੀਆਂ' ਵਾਲੀ ਪਾਲਕੀ ਨੂੰ ਆਪਣੇ ਮੋਢਿਆਂ 'ਤੇ ਟਿਕਾਇਆ ਤੇ ਅੰਮ੍ਰਿਤਸਰ ਨੂੰ ਰਵਾਨਾ ਹੋਏ। ਪਾਲਕੀ ਤੋਂ ਅੱਗੇ ਵਜੰਤਰੀ ਵੱਖ-ਵੱਖ ਸੰਗੀਤਕ-ਯੰਤਰਾਂ (ਸਾਜ਼ਾਂ) ਰਾਹੀਂ ਖੁਸ਼ੀ ਦੀ ਧੁਨਾਂ ਕੱਢ ਰਹੇ ਸਨ ਜਦਕਿ ਬਾਕੀ ਸਿੱਖ ਸੰਗਤਾਂ ਪਾਲਕੀ ਦੇ ਪਿੱਛੇ-ਪਿੱਛੇ ਚਲ ਰਹੀਆਂ ਸਨ। ਅੰਮ੍ਰਿਤਸਰ ਪਹੁੰਚ ਕੇ ਗੁਰੂ ਅਰਜਨ ਸਾਹਿਬ ਜੀ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਗਏ ਤੇ ਪੋਥੀਆਂ ਦੀ ਪ੍ਰਾਪਤੀ ਲਈ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕੜਾਹ ਪ੍ਰਸ਼ਾਦਿ ਕਰਵਾਇਆ।

ਦੂਸਰੀ ਵੱਡੀ ਮੁਸ਼ਕਲ ਸੀ ਭਗਤਾਂ, ਸੰਤਾਂ, ਸੂਫੀਆਂ ਤੇ ਭੱਟਾਂ ਆਦਿ ਦੀਆਂ ਰਚਨਾਵਾਂ ਦੀ ਚੋਣ ਕਰਨ ਦੀ ਕਿਉਂਕਿ ਇਨ੍ਹਾਂ ਦੀਆਂ ਰਚਨਾਵਾਂ ਦੀ ਗਿਣਤੀ ਕਾਫੀ ਸੀ। ਸੋ ਗੁਰੂ ਸਾਹਿਬ ਨੇ ਭਗਤਾਂ ਦੇ ਅਨੁਯਾਈਆਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਆਪਣੇ ਵਡੇਰਿਆਂ ਦੀ ਬਾਣੀ ਸੁਣਾਉਣ ਨੂੰ ਕਿਹਾ। ਇਨ੍ਹਾਂ ਵਿੱਚੋਂ ਜੋ ਸ਼ਬਦ ਗੁਰੂ-ਆਸ਼ੇ ਦੇ ਅਨੁਕੂਲ ਸਨ, ਉਨ੍ਹਾਂ ਨੂੰ 'ਆਦਿ ਗ੍ਰੰਥ' ਵਿੱਚ ਸਥਾਨ ਦੇ ਦਿੱਤਾ ਤੇ ਬਾਕੀਆਂ ਨੂੰ ਛੱਡ ਦਿੱਤਾ।

ਤੀਸਰਾ ਜ਼ੋਖ਼ਮ ਭਰਿਆ ਕੰਮ ਸੀ, ਸਾਰੀ ਦੀ ਸਾਰੀ ਚੁਣੀ ਹੋਈ ਬਾਣੀ ਨੂੰ ਰਾਗਾਂ ਦੇ ਅਨੁਸਾਰ ਤਰਤੀਬ ਦੇਣਾ। ਇਹ ਸਾਰਾ ਕਾਰਜ ਅਣਥੱਕ ਲਗਨ ਤੇ ਉੱਚ ਬੌਧਿਕ ਸੰਜਮ ਵਾਲਾ ਸੀ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਖ਼ੂਬੀ ਨਿਭਾਇਆ ਤੇ ਸਾਰੀ ਚੁਣੀ ਹੋਈ ਸਮੱਗਰੀ ਨੂੰ ਇਕੱਤੀ ਰਾਗਾਂ ਅਨੁਸਾਰ ਵੰਡਿਆ ਤੇ ਹਰੇਕ ਰਚਨਾ ਨੂੰ ਸਹੀ ਸਥਾਨ 'ਤੇ ਅੰਕਤ ਕੀਤਾ।

ਇਸ ਅਤਿ ਬੌਧਿਕ-ਸੰਜਮ ਵਾਲੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ ਦੱਖਣ ਵੱਲ, ਇਕ ਇਕਤਾਂ ਤੇ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਇਕ ਪਿੱਪਲ ਦੇ ਦਰੱਖਤ ਹੇਠ ਇਕ ਤੰਬੂ ਲਵਾਇਆ ਤੇ ਉਥੇ ਬੈਠ ਕੇ ਇਹ ਕਾਰਜ ਆਰੰਭ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਹਰ ਪਾਸਿਓਂ ਇਕੱਤਰ ਬਾਣੀ ਨੂੰ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੱਖਾ ਜੀ ਤੇ ਭਾਈ ਮਨਸਾ ਰਾਮ ਜੀ ਨੂੰ ਉਤਾਰਾ ਕਰਨ ਲਈ ਸੌਂਪਿਆ ਗਿਆ। ਉਨ੍ਹਾਂ ਦੁਆਰਾ ਉਤਾਰੀ ਗਈ ਬਾਣੀ ਨੂੰ ਸੋਧ ਕੇ, ਆਪਣੀ ਯੋਜਨਾ ਅਨੁਰੂਪ 'ਗ੍ਰੰਥ' ਵਿੱਚ ਸਥਾਨ ਦੇ ਕੇ, ਅੰਤਿਮ ਰੂਪ ਵਿੱਚ ਲਿਖਣ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ।

'ਆਦਿ ਗ੍ਰੰਥ' ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤਾਂ ਤੇ ਸੂਫੀਆਂ, 11 ਭੱਟਾਂ ਤੇ ਗੁਰੂ-ਘਰ ਦੇ ਤਿੰਨ ਗਵੱਈਆਂ ਦੇ ਸ਼ਬਦ ਦਰਜ ਹਨ। ਇਹ ਭਾਰਤ ਦੇ ਵੱਖ-ਵੱਖ ਖੇਤਰਾਂ, ਜਾਤਾਂ ਤੇ ਧਰਮਾਂ ਨਾਲ ਸਬੰਧਤ ਸਨ। ਭਾਈ ਗੁਰਦਾਸ ਜੀ ਅਨੁਸਾਰ ਆਦਿ ਗ੍ਰੰਥ ਦੀ ਸੰਪੂਰਨਤਾ ਭਾਦੋਂ ਵਦੀ ਏਕਮ 661 ਬਿ. ਅਰਥਾਤ 1 ਅਗਸਤ 1604 ਈ. ਤਤਕਰੇ ਤੱਕ ਹੋਈ। ਇਸ ਦੇ 974 ਪੱਤਰੇ ਜਾਂ 1948 ਸਫੇ 12 "8)) ਆਕਾਰ ਦੇ ਸਨ। ਇਸ ਗਰੰਥ ਨੂੰ 'ਆਦਿ ਬੀੜ' ਜਾਂ 'ਕਰਤਾਰਪੁਰ ਵਾਲੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਆਦਿ ਗ੍ਰੰਥ ਸਾਹਿਬ ਦੇ ਤਿਆਰ ਹੋਣ ਉਪ੍ਰੰਤ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਬੰਨੋ ਨੂੰ ਗ੍ਰੰਥ ਸਾਹਿਬ ਜੀ ਦੀ ਜਿਲਤ ਬੰਨ੍ਹਵਾਉਣ ਵਾਸਤੇ ਲਾਹੌਰ ਭੇਜਿਆ। ਭਾਈ ਬੰਨੋ ਨੇ ਕਾਹਲੀ ਨਾਲ ਇਸ ਦੀ ਇਕ ਨਕਲ ਤਿਆਰ ਕਰ ਲਈ, ਜਿਸ ਨੂੰ 'ਭਾਈ ਬੰਨੋ ਵਾਲੀ ਬੀੜ' ਕਹਿੰਦੇ ਹਨ। ਇਹ ਹੁਣ ਤੱਕ ਇਨ੍ਹਾਂ ਦੇ ਵੰਸ਼ ਪਾਸ ਹੈ। ਇਸ ਬੀੜ ਨੂੰ ਖਾਰੀ ਬੀੜ ਕਰਕੇ ਵੀ ਜਾਣਿਆ ਜਾਂਦਾ ਹੈ। ਕਿਉਂਕਿ ਭਾਈ ਬੰਨੋ ਨੇ ਇਸ ਦਾ ਉਤਾਰਾ ਕਾਹਲੀ ਨਾਲ ਕੀਤਾ ਸੀ ਸੋ ਬਾਣੀ ਉਤਾਰਦਿਆਂ ਬਹੁਤ ਸਾਰੀਆਂ ਉਕਾਈਆਂ ਅਨਜਾਣੇ ਵਿੱਚ ਹੀ ਹੋ ਗਈਆਂ ਸਨ। ਤੀਸਰੀ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਗਈ, ਇਸ ਨੂੰ 'ਦਮਦਮੀ ਬੀੜ' ਕਰਕੇ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੋ. ਗੁ. ਪ੍ਰ.ਕਮੇਟੀ ਵੱਲੋਂ ਪ੍ਰਵਾਨਤ ਬੀੜ ਦਮਦਮੇ ਵਾਲੀ ਬੀੜ 'ਤੇ ਅਧਾਰਤ ਹੀ ਹੈ। ਇਸ ਦੇ 1430 ਪੰਨੇ ਹਨ ਅਤੇ ਇਸੇ ਹੀ 'ਬੀੜ' ਦਾ ਹਰ ਗੁਰਦੁਆਰੇ ਵਿੱਚ ਪ੍ਰਕਾਸ਼ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ 'ਜਪੁ ਜੀ' ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ 'ਸੋ ਦਰੁ ਰਹਰਾਸਿ' ਨੂੰ ਸਥਾਨ ਦਿੱਤਾ ਗਿਆ ਹੈ। 'ਸੋ ਦਰੁ' ਦਾ ਅਰਥ ਹੈ – ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਇਸ ਦਾ ਪਾਠ ਸ਼ਾਮ ਵੇਲੇ ਕੀਤਾ ਜਾਂਦਾ ਹੈ। 'ਸੋ ਦਰੁ ਰਹਰਾਸਿ' ਤੋਂ ਪਿੱਛੋਂ 'ਸੋ ਪੁਰਖ' (ਸਰਵ ਸ਼ਕਤੀਮਾਨ ਪਰਮਾਤਮਾ) ਨਾਮੀ ਰਚਨਾ ਹੈ। ਇਸ ਦਾ ਪਾਠ ਵੀ ਸ਼ਾਮ ਨੂੰ ਕੀਤਾ ਜਾਂਦਾ ਹੈ। ਇਸ ਪਿੱਛੋਂ 'ਸੋਹਿਲਾ' ਹੈ। ਇਸ ਦਾ ਪਾਠ ਰਾਤ ਨੂੰ ਸੌਣ ਵੇਲੇ ਕੀਤਾ ਜਾਂਦਾ ਹੈ।

'ਸੋਹਿਲਾ' ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ 'ਨਾਨਕ' ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ।

ਵਿਸ਼ਵ-ਵਿਆਪੀ ਸਰੂਪ ਵਾਲੇ ਇਸ ਮਹਾਨ ਗ੍ਰੰਥ ਦੀ ਸੰਪੂਰਨਤਾ 'ਤੇ ਗੁਰੂ ਅਰਜਨ ਸਾਹਿਬ ਤੇ ਸਮੂਹ ਸਿੱਖ ਸੰਗਤਾਂ ਵੱਲੋਂ ਅਨੰਤ ਖੁਸ਼ੀ ਮਨਾਈ ਗਈ। ਸਿੱਖ ਸੰਗਤਾਂ ਵਹੀਰਾਂ ਘੱਤ ਕੇ 'ਗ੍ਰੰਥ' ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਗੁਰੂ ਜੀ ਨੇ ਹਦਾਇਤ ਕੀਤੀ ਕਿ ਜੋ ਵੀ ਸਿੱਖ, "ਗੁਰੂ" ਦੇ ਦਰਸ਼ਨ ਕਰਨੇ ਚਾਹੁੰਦਾ ਹੈ ਉਹ 'ਗ੍ਰੰਥ' ਜੀ ਦੇ ਦਰਸ਼ਨ ਕਰੇ ਅਤੇ ਜੋ ਵਿਅਕਤੀ 'ਗੁਰੂ' ਦੇ ਮੁਖ ਤੋਂ ਸ਼ਬਦ ਸੁਣਨਾ ਚਾਹੁੰਦਾ ਹੈ, ਉਹ 'ਗ੍ਰੰਥ' ਜੀ ਨੂੰ ਪੜ੍ਹੇ।

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਹਾਜ਼ਰ ਸਿੱਖ ਸੰਗਤਾਂ ਨੂੰ ਪੁੱਛਿਆ ਕਿ 'ਗ੍ਰੰਥ' ਜੀ ਨੂੰ ਕਿਸ ਅਸਥਾਨ 'ਤੇ ਸਸ਼ੋਭਿਤ ਕੀਤਾ ਜਾਵੇ। ਬਾਬਾ ਬੁੱਢਾ ਜੀ ਨੇ ਝੱਟ ਉੱਤਰ ਦਿੱਤਾ ਕਿ ਆਪ ਤਾਂ ਸਰਬਦਰਸ਼ੀ ਹੋ, ਪਰ ਹਰਿਮੰਦਰ ਜੀ ਤੋਂ ਵੱਧ ਉਚਿਤ ਅਸਥਾਨ ਕਿਹੜਾ ਹੋ ਸਕਦਾ ਹੈ? ਇਹ ਸੁਣ

ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ। ਆਖਰ ਫੈਸਲਾ ਹੋਇਆ ਕਿ ਰਾਤ ਰਾਮਸਰ ਵਿਖੇ ਹੀ ਠਹਿਰਾਇਆ ਜਾਵੇ ਤੇ ਅਗਲੇ ਭਲਕ 'ਗ੍ਰੰਥ' ਜੀ ਸਮੇਤ ਅੰਮ੍ਰਿਤਸਰ ਪਰਤਿਆ ਜਾਵੇ। 'ਗ੍ਰੰਥ' ਜੀ ਚੰਦੋਏ ਹੇਠ ਚੌਂਕੀ ਉੱਪਰ ਬਿਰਾਜਮਾਨ ਸਨ ਜਦਕਿ ਗੁਰੂ ਸਾਹਿਬ ਬਾਕੀ ਸੰਗਤ ਸਮੇਤ ਭੋਇੰ ਤੇ ਬਿਰਾਜੇ। ਸਾਰੀ ਰਾਤ ਗੁਰੂ ਸਾਹਿਬ ਇਹ ਸੋਚਦੇ ਰਹੇ ਕਿ 'ਗ੍ਰੰਥ' ਜੀ ਦੀ ਦੇਖ-ਭਾਲ ਦੀ ਸੌਂਪਣਾ ਕਿਸ ਨੂੰ ਕੀਤੀ ਜਾਵੇ? ਆਖਰ ਬਾਬਾ ਬੁੱਢਾ ਜੀ ਨੂੰ ਹੀ ਇਸ ਜ਼ਿੰਮੇਵਾਰੀ ਲਈ ਸਭ ਤੋਂ ਵਧੀਕ ਯੋਗ ਸਮਝਿਆ ਗਿਆ। 16-8-1604 ਈ. ਨੂੰ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਸਾਹਿਬ (ਸਮੇਤ ਹਾਜ਼ਰ ਸਿੱਖ ਸੰਗਤਾਂ ਦੇ) ਨੇ ਰਾਮਸਰ ਸਰੋਵਰ ਵਿੱਚ ਇਸ਼ਨਾਨ ਕੀਤਾ। ਆਸਾ ਦੀ ਵਾਰ ਦੇ ਗਾਇਨ ਉਪ੍ਰੰਤ ਸਮੂਹ ਸੰਗਤ ਨੂੰ ਅੰਮ੍ਰਿਤਸਰ ਵੱਲ ਰਵਾਨਾ ਹੋਣ ਦਾ ਆਦੇਸ਼ ਦਿੱਤਾ। ਬਾਬਾ ਬੁੱਢਾ ਜੀ ਨੇ 'ਗ੍ਰੰਥ' ਜੀ ਨੂੰ ਆਪਣੇ ਸਿਰ 'ਤੇ ਚੁੱਕ ਲਿਆ ਤੇ ਗੁਰੂ ਸਾਹਿਬ ਪਿੱਛੇ-ਪਿੱਛੇ ਚੌਰ ਕਰਦੇ ਤੁਰ ਪਏ। ਆਪ ਦੇ ਪਿੱਛੇ ਸਿੱਖ ਸੰਗਤਾਂ ਸ਼ਬਦ ਪੜ੍ਹਦੀਆਂ ਚਲ ਰਹੀਆਂ ਸਨ। ਇਸ ਤਰ੍ਹਾਂ ਗ੍ਰੰਥ ਜੀ ਨੂੰ ਪੂਰਨ ਸਨਮਾਨ ਨਾਲ, ਜਲੂਸ ਦੀ ਸ਼ਕਲ ਵਿੱਚ 'ਹਰਿਮੰਦਰ' ਜੀ ਵਿਖੇ ਪਹੁੰਚਾਇਆ। ਇਸ ਤਰ੍ਹਾਂ ਭਾਦੋਂ ਸੁਦੀ ਏਕਮ 1661 ਬਿ. 16 ਅਗਸਤ 1604 ਈ. (ਨਾਨਕਸ਼ਾਹੀ ਜੰਤਰੀ ਅਨੁਸਾਰ 17 ਭਾਦੋਂ) ਨੂੰ ਗ੍ਰੰਥ ਜੀ ਦਾ ਪ੍ਰਕਾਸ਼ ਹਰਿਮੰਦਰ ਜੀ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਮੁੱਖ ਵਾਕ ਲਿਆ ਜਦਕਿ ਗੁਰੂ ਅਰਜਨ ਸਾਹਿਬ ਪਿੱਛੇ ਖੜ੍ਹੇ ਚੌਰ ਕਰਦੇ ਰਹੇ। ਉਸ ਵਕਤ ਦਾ ਮੁੱਖ ਵਾਕ ਸੀ-

**ਸੰਤਾ ਕੇ ਕਾਰਜ ਆਪਿ ਖਲੋਇਆ**

**ਹਰਿ ਕੰਮੁ ਕਰਾਵਣਿ ਆਇਆ ਰਾਮ ॥**(ਪੰਨਾ 783)

ਉਪ੍ਰੰਤ ਗੁਰੂ ਅਰਜਨ ਸਾਹਿਬ ਨੇ ਆਦੇਸ਼ ਦਿੱਤਾ ਕਿ ਦਿਨ ਵਕਤ 'ਗ੍ਰੰਥ' ਜੀ 'ਹਰਿਮੰਦਰ' ਜੀ ਵਿਖੇ ਬਿਰਾਜਮਾਨ ਹੋਣਗੇ ਜਦਕਿ ਰਾਤ ਨੂੰ 'ਰਹਰਾਸਿ' ਦੇ ਗਾਇਨ ਉਪ੍ਰੰਤ ਉਨ੍ਹਾਂ (ਗੁਰੂ ਸਾਹਿਬ) ਦੇ ਕਮਰੇ ਜੋ ਕਿ ਗੁਰੂ ਕੇ ਮਹਿਲ ਵਿੱਚ ਸੀ, ਵਿਸ਼ਰਾਮ ਵਾਸਤੇ ਲਿਜਾਇਆ ਜਾਵੇਗਾ। ਯੋਜਨਾ ਅਨੁਸਾਰ 'ਰਹਰਾਸਿ' ਦੇ ਉਪ੍ਰੰਤ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ 'ਗ੍ਰੰਥ' ਜੀ ਨੂੰ ਆਪਣੇ ਸਿਰ ਤੇ ਚੁੱਕ ਲਿਆ ਤੇ ਗੁਰੂ ਕੇ ਮਹਿਲ ਵੱਲ ਚੱਲ ਪਏ। ਗੁਰੂ ਸਾਹਿਬ ਤੇ ਬਾਕੀ ਸੰਗਤ ਉਨ੍ਹਾਂ ਦੇ ਪਿੱਛੇ-ਪਿੱਛੇ ਸ਼ਬਦ ਪੜ੍ਹਦੀ ਜਾ ਰਹੀ ਸੀ। ਗੁਰੂ ਕੇ ਮਹਿਲ ਪਹੁੰਚ ਕੇ, ਨਿਸ਼ਚਿਤ ਅਸਥਾਨ ਉੱਚ-ਆਸਨ 'ਤੇ ਗ੍ਰੰਥ ਜੀ ਨੂੰ ਰੱਖਿਆ ਗਿਆ ਜਦਕਿ ਗੁਰੂ ਅਰਜਨ ਸਾਹਿਬ ਆਪ ਜ਼ਮੀਨ 'ਤੇ ਸੁੱਤੇ। ਰੋਜ਼ਾਨਾ ਦਿਨ ਚੜ੍ਹਨ ਤੋਂ ਪਹਿਲਾਂ 'ਗ੍ਰੰਥ' ਜੀ ਨੂੰ ਪੂਰਨ ਸਨਮਾਨ ਨਾਲ 'ਹਰਿਮੰਦਰ' ਜੀ ਵਿਖੇ ਲਿਜਾ ਕੇ ਪ੍ਰਕਾਸ਼ ਕੀਤਾ ਜਾਂਦਾ ਤੇ ਸ਼ਾਮ ਨੂੰ ਵਿਸ਼ਰਾਮ ਲਈ ਗੁਰੂ ਕੇ ਮਹਿਲ ਲਿਜਾਇਆ ਜਾਂਦਾ। ਅੱਜ ਕੱਲ੍ਹ ਗ੍ਰੰਥ ਸਾਹਿਬ ਨੂੰ ਇਸੇ ਪਰੰਪਰਾ ਦੇ ਅਨੁਰੂਪ ਅਕਾਲ ਤਖਤ 'ਤੇ ਨਿਸ਼ਚਿਤ ਕਮਰੇ ਵਿੱਚ ਲਿਜਾਇਆ ਜਾਂਦਾ ਹੈ।

ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ। ਗੁਰਦੁਆਰਾ ਤਾਂ ਹੀ ਗੁਰਦੁਆਰਾ ਹੈ ਜੇਕਰ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ। ਗੁਰਦੁਆਰੇ ਦੀ ਇਮਾਰਤ ਵਿੱਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ। ਅੰਮ੍ਰਿਤ ਵੇਲੇ, ਪੂਰਨ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀਦਾ ਉਚ ਆਸਣ 'ਤੇ, ਚੰਦੋਏ ਹੇਠ, ਕੀਮਤੀ ਤੇ ਸਵੱਛ ਪੁਸ਼ਾਕ ਪਹਿਨਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਮੁੱਖ ਵਾਕ ਲਿਆ ਜਾਂਦਾ ਹੈ। ਸੰਗਤ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਇਕੱਤਰ ਹੁੰਦੀ ਹੈ। ਗ੍ਰੰਥੀ ਸਿੰਘ ਜਾਂ ਕੋਈ ਵੀ ਸਿੰਘ ਹਾਜ਼ਰ ਸੰਗਤ ਵਿੱਚ ਗੁਰੂ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਝੁਲਾਂਵਦਾ ਹੈ। ਰਾਗੀ ਸਿੰਘ ਕੀਰਤਨ ਕਰਦੇ ਰਹਿੰਦੇ ਹਨ। ਸੰਗਤ ਆਉਂਦੀ ਤੇ ਨਮਸਕਾਰ ਕਰਕੇ ਬੈਠਦੀ ਜਾਂਦੀ ਹੈ। ਕੀਰਤਨ ਦੀ ਸਮਾਪਤੀ ਉਪਰੰਤ ਸਾਰੀ ਹਾਜ਼ਰ ਸੰਗਤ ਹੱਥ ਜੋੜ ਕੇ ਗੁਰੂ ਸਾਹਿਬਾਨ ਸਾਹਮਣੇ ਖੜ੍ਹ ਜਾਂਦੀ ਹੈ। ਗ੍ਰੰਥੀ ਸਿੰਘ ਜਾਂ ਸੰਗਤ 'ਚੋਂ ਕੋਈ ਵੀ ਸਿੰਘ ਅਰਦਾਸ ਕਰਦਾ ਹੈ। ਫਿਰ ਹੁਕਮ ਲਿਆ ਜਾਂਦਾ ਹੈ ਤੇ ਸਾਰੀ ਸੰਗਤ ਆਪੋ ਆਪਣੇ ਕੰਮਾਂ-ਕਾਰਾਂ ਵਿੱਚ ਲੱਗ ਜਾਂਦੀ ਹੈ। ਸ਼ਾਮ ਨੂੰ ਰਹਰਾਸਿ ਦੇ ਗਾਇਨ ਉਪ੍ਰੰਤ ਸੁਖ-ਆਸਣ ਕਰਕੇ ਵਿਸ਼ਰਾਮ ਲਈ ਗੁਰੂ ਸਾਹਿਬ ਨੂੰ ਨਿਸ਼ਚਿਤ ਜਗ੍ਹਾ 'ਤੇ ਲਿਜਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ ਪਰ ਇਸ ਵਿੱਚ ਕੇਵਲ ਇਕ ਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ। ਸਿੱਖ ਗੁਰੂ ਸਾਹਿਬਾਨ ਦੇ ਜ਼ਿਆਦਾਤਰ ਸ਼ਬਦ 15ਵੀਂ, 16ਵੀਂ, ਤੇ 17ਵੀਂ ਸਦੀ ਦੀ ਪੰਜਾਬੀ ਭਾਸ਼ਾ ਵਿੱਚ ਹਨ। ਹਿੰਦੂ ਭਗਤਾਂ ਤੇ ਮੁਸਲਮਾਨ ਸੂਫੀਆਂ ਦੀਆਂ ਰਚਨਾਵਾਂ 'ਚ ਹਿੰਦੀ, ਮਰਾਠੀ, ਗੁਜਰਾਤੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਨੂੰ 'ਸੰਤ ਭਾਸ਼ਾ' ਵੀ ਆਖਦੇ ਹਨ ਜੋ ਆਮ ਲੋਕਾਂ ਦੀ ਬੋਲੀ ਦੇ ਕਾਫੀ ਨੇੜੇ ਸੀ।

ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਜੀ ਦਾ ਵਿਸ਼ਾ ਅਧਿਆਤਮਕ ਹੈ ਪਰ ਇਸ ਦੀ ਇਤਿਹਾਸਕ ਤੇ ਸਾਹਿਤਕ ਵਿਸ਼ੇਸ਼ਤਾ ਵੀ ਘੱਟ ਨਹੀਂ। ਬੇਸ਼ੱਕ ਇਸ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨਹੀਂ ਦਿੱਤੇ ਗਏ ਤੇ ਨਾ ਹੀ ਉਸ ਵਕਤ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਵਸਥਾ ਦਾ ਸਿੱਧਾ ਉਲੇਖ ਹੈ। ਫਿਰ ਵੀ ਇਸ ਦੇ ਡੂੰਘੇ ਤੇ ਸੁਚੇਤ ਅਧਿਐਨ ਤੋਂ 16ਵੀਂ ਤੇ 17ਵੀਂ ਸਦੀ ਦੇ ਪੰਜਾਬੀ, ਭਾਰਤੀ ਸਮਾਜ ਦੀਆਂ ਸਮਾਜਿਕ, ਧਾਰਮਿਕ ਰਾਜਨੀਤਿਕ ਤੇ ਆਰਥਿਕ ਪ੍ਰਸਥਿਤੀਆਂ ਦਾ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ। ਸਾਹਿਤਕ ਤੇ ਸੰਗੀਤ ਕਲਾ ਦੇ ਪੱਖ ਤੋਂ ਵੀ ਇਹ ਆਪਣੇ ਆਪ ਵਿੱਚ ਇਕ ਸਰਵ-ਉੱਚ ਕਲਾ-ਕ੍ਰਿਤੀ ਹੈ। ਇਸ ਤੋਂ ਇਲਾਵਾ ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ।

## ਜੋ ਦੁੱਖ ਮਿਲੇ ਇਮਤਿਹਾਨ ਮੇਰੀ, ਜੋ ਸੁੱਖ ਮਿਲੇ ਅਸ਼ੀਰਵਾਦ ਤੇਰਾ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸਾਲਾਨਾ ਦੀਵਾਨ

ਹੁਣ ਸਭ ਲੋਕ ਆਪਣੇ-ਆਪਣੇ ਪਿੰਡਾਂ ਵਿਚ ਬੈਠ ਗਏ। ਲੋਕਾਂ ਦੀ ਪੱਕੀ ਅਲਾਟਮੈਂਟ ਹੋ ਗਈ। ਲੁਬਾਣਾ ਬਰਾਦਰੀ ਦਾ ਕੇਂਦਰ ਬੇਗੋਵਾਲ ਬਣ ਗਿਆ। ਸਭਨਾਂ ਦੀਆਂ ਨਜ਼ਰਾਂ ਹੁਣ ਉਧਰ ਹੀ ਲੱਗ ਗਈਆਂ, ਕਿਉਂਕਿ ਉਨ੍ਹਾਂ ਦੇ ਦਿਲਾਂ ਦੀਆਂ ਪੀੜਾਂ ਨੂੰ ਸਮਝਣ ਵਾਲਾ ਬੇਗੋਵਾਲ ਆ ਗਿਆ ਸੀ। ਮੁਰਾਲੇ ਵਾਂਗ ਰੋਜ਼ ਲੰਗਰ ਛਕਣ ਲਈ ਘੜਿਆਲ ਖੜਕਣ ਲੱਗ ਪਿਆ। ਹਰ ਰੋਜ਼ ਰੱਬੀ ਬਾਣੀ ਦਾ ਕੀਰਤਨ ਮਹਾਂਪੁਰਖ ਆਪ ਕਰਦੇ ਸਨ। ਸੰਗਤਾਂ ਹੁਮ-ਹੁਮਾ ਕੇ ਕੀਰਤਨ ਸੁਣਨ ਲਈ ਆਉਂਦੀਆਂ ਅਤੇ ਸਮਾਪਤੀ ਉਪਰੰਤ ਅਰਦਾਸ ਸੁਣ ਕੇ ਕੜਾਹ ਪ੍ਰਸ਼ਾਦ ਲੈ ਕੇ ਫਿਰ ਜਾਂਦੀਆਂ। ਹੁਣ ਆਪ ਜੀ ਦਾ ਵਿਚਾਰ ਸਲਾਨਾ ਦੀਵਾਨ ਕਰਨ ਦਾ ਬਣਿਆ। ਇਸ ਲਈ ਆਪ ਜੀ ਨੇ ਜ਼ਿਮੀਦਾਰਾਂ ਦੇ ਵਿਹਲੇ ਦਿਨ ਵੇਖ ਕੇ 19-20 ਜੂਨ 1948 ਮੁਤਾਬਕ 5-6 ਹਾੜ ਸੰਮਤ 2005 ਦੀਵਾਨ ਦੀਆਂ ਤਰੀਕਾਂ ਨਿਯਤ ਕਰ ਦਿੱਤੀਆਂ ਅਤੇ ਇਸ਼ਤਿਹਾਰ ਕੱਢ ਦਿੱਤਾ। ਖਾਸ-ਖਾਸ ਵਿਅਕਤੀਆਂ ਨੂੰ ਚਿੱਠੀਆਂ ਵੀ ਪਾ ਦਿੱਤੀਆਂ। ਦੀਵਾਨ, ਫਤਹਿਗੜ੍ਹ ਸੀਕਰੀਆਂ ਦੇ ਪਾਸ ਇੱਕ ਟਾਹਲੀਆਂ ਦੀ ਝਿੜੀ ਸੀ, ਇਥੇ ਟਾਹਲੀਆਂ ਦੀ ਚੰਗੀ ਛਾਂ ਸੀ, ਬੇਗੋਵਾਲ ਦੇ ਨੇੜੇ ਹੀ ਸੀ, ਉਥੇ ਲਾਇਆ। ਦੀਵਾਨ ਵਿਚ ਜਥੇਦਾਰ ਊਧਮ ਸਿੰਘ ਜੀ, ਸ. ਈਸ਼ਰ ਸਿੰਘ ਜੀ ਮਝੈਲ, ਸ. ਪ੍ਰਤਾਪ ਸਿੰਘ ਕੈਰੋਂ ਆਦਿ ਲੀਡਰ ਸ਼ਾਮਲ ਹੋਏ।

ਸਾਰੇ ਲੀਡਰਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਦੂਰ-ਅੰਦੇਸ਼ੀ ਨੂੰ ਦੇਖ ਕੇ ਬੜੇ ਖੁਸ਼ ਹੋਏ ਕਿ ਸੰਤਾਂ ਨੇ ਬੜੀ ਹਿੰਮਤ ਕੀਤੀ ਹੈ, ਜੋ ਇਸ ਇਲਾਕੇ ਦੇ ਸਾਰੇ ਪਿੰਡਾਂ ਵਿਚ ਲੁਬਾਣਾ ਬਰਾਦਰੀ ਇਕੱਠੀ ਕਰਕੇ ਬਿਠਾ ਦਿੱਤੀ ਹੈ ਅਤੇ ਬਹੁਤ ਥੋੜ੍ਹੇ ਸਮੇਂ ਵਿਚ ਉਜੜੇ ਹੋਏ ਲੋਕਾਂ ਨੂੰ ਵਸਾ ਦਿੱਤਾ ਹੈ। ਇਨ੍ਹਾਂ ਦੀ ਬੜੀ ਭਾਰੀ ਹਿੰਮਤ ਹੈ। ਇਸ ਤਰ੍ਹਾਂ ਦੀਵਾਨ ਬੜਾ ਸ਼ਾਨਦਾਰ ਹੋਇਆ। ਅਤੁੱਟ ਲੰਗਰ ਵਰਤਿਆ।

## ਮਹਾਰਾਜਾ ਪਟਿਆਲਾ ਬੇਗੋਵਾਲ ਦੀਵਾਨ ਵਿਚ

ਸੰਨ 1949, ਜੂਨ 18-19 ਮੁਤਾਬਕ 5-6 ਹਾੜ ਸੰਮਤ 2006 ਨੂੰ ਦੀਵਾਨ ਕਰਨ ਲਈ ਇਸ਼ਤਿਹਾਰ ਕੱਢਿਆ। ਇਸ ਦੀਵਾਨ ਵਿਚ ਰਾਜ ਪਰਮੁਖ ਮਹਾਰਾਜਾ ਪਟਿਆਲਾ ਨੂੰ ਪਹੁੰਚਣ ਲਈ ਕਿਹਾ ਗਿਆ। ਮਹਾਰਾਜੇ ਨੂੰ ਗਿਆਨੀ ਹਰਚਰਨ ਸਿੰਘ ਜੀ ਨੇ ਮਿਲ ਕੇ ਮਨਜ਼ੂਰੀ ਲੈ ਲਈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਪਿੰਡਾਂ ਵਿਚ ਸਾਰੇ ਫੌਜੀਆਂ ਨੂੰ ਵਰਦੀਆਂ ਪਾ ਕੇ ਆਉਣ ਲਈ ਆਖ ਦਿੱਤਾ। 19 ਜੂਨ ਨੂੰ ਬਹੁਤ ਸਾਰੇ ਫੌਜੀ ਵਰਦੀਆਂ ਪਾ ਕੇ ਪੁੱਜ ਗਏ। ਮਹਾਰਾਜਾ ਪਟਿਆਲਾ ਭੀ ਆਪਣੀ ਵਜ਼ੀਰ ਮੰਡਲੀ ਸਮੇਤ ਪੁੱਜ ਗਿਆ। ਇਸ ਦੀਵਾਨ ਵਿਚ ਜਥੇਦਾਰ ਊਧਮ ਸਿੰਘ ਨਾਗੋਕੇ, ਸ. ਈਸ਼ਰ ਸਿੰਘ ਜੀ ਮਝੈਲ ਤੇ ਮੁੱਖ ਮੰਤਰੀ ਸ. ਗਿਆਨ ਸਿੰਘ ਜੀ ਰਾੜ੍ਹੇ ਵਾਲੇ ਆਦਿ ਬਹੁਤ ਸਾਰੇ ਮੁਖੀ ਸ਼ਾਮਿਲ ਹੋਏ। ਮਹਾਰਾਜਾ ਯਾਦਵਿੰਦਰਾ ਸਿੰਘ ਪਟਿਆਲਾ ਦਾ ਬੜਾ ਸ਼ਾਨਦਾਰ ਸੁਆਗਤ ਕੀਤਾ ਗਿਆ। ਫੁੱਲਾਂ ਦੇ ਹਾਰ ਮਹਾਰਾਜੇ ਨੂੰ ਪਾਏ ਗਏ, ਬੜੇ ਜੈਕਾਰੇ ਛੱਡੇ ਗਏ। ਸੰਗਤਾਂ ਦਾ ਬੜਾ ਭਾਰੀ ਇਕੱਠ ਠਾਠਾਂ ਮਾਰ ਰਿਹਾ ਸੀ।

ਮਹਾਰਾਜੇ ਨੂੰ ਪੰਜ ਮਾਣ-ਪੱਤਰ ਦਿੱਤੇ ਗਏ : (1) ਹਿੰਦੂ ਸਿੱਖਾਂ ਵੱਲੋਂ (2) ਲੁਬਾਣਾ ਬਰਾਦਰੀ ਵੱਲੋਂ (3) ਫੌਜੀਆਂ ਵੱਲੋਂ (4) ਰਫਿਊਜੀਆਂ ਵੱਲੋਂ (5) ਕਾਂਗਰਸ ਵੱਲੋਂ।

ਮਹਾਰਾਜੇ ਨੇ ਤਕਰੀਰ ਕੀਤੀ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬੜੀ ਪਰਸੰਸਾ ਕੀਤੀ। ਇਸ ਦੀਵਾਨ ਦਾ ਮਹਾਰਾਜੇ ਤੇ ਬੜਾ ਅਸਰ ਹੋਇਆ, ਜਿਸ ਨੇ ਵਾਪਸ ਜਾ ਕੇ ਪ੍ਰਿੰ. ਤੇਜਾ ਸਿੰਘ ਜੀ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਸਿੱਖੀ ਨੂੰ ਕੋਈ ਡਰ ਨਹੀਂ, ਅਸੀਂ ਇਕ ਅਜਿਹਾ ਅਸਥਾਨ ਬੇਗੋਵਾਲ ਵੇਖਿਆ ਹੈ, ਜਿਥੇ ਸਿੱਖੀ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਟ੍ਰਿਬਿਊਨ ਦੇ ਸੰਪਾਦਕ ਨੇ ਇਸ ਦੀਵਾਨ ਦੀ ਹਾਰੀ 80000 ਦੱਸੀ ਹੈ। ਵਜ਼ੀਰ ਮੰਡਲੀ ਤੇ ਭੀ ਬੜਾ ਪ੍ਰਭਾਵ ਪਿਆ। ਖਾਸ ਤੌਰ 'ਤੇ ਮੁੱਖ ਮੰਤਰੀ ਸ. ਗਿਆਨ ਸਿੰਘ ਰਾੜ੍ਹੇ ਵਾਲੇ ਤੇ ਬੜਾ ਅਸਰ ਹੋਇਆ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸ਼ਖ਼ਸੀਅਤ ਦਾ ਆਪ ਬੜਾ ਪ੍ਰਭਾਵ ਲੈ ਕੇ ਗਏ। ਇਸ ਭਾਰੀ ਇਕੱਠ ਨੂੰ ਦੇਖ ਕੇ ਪੰਥਕ ਲੀਡਰਾਂ ਨੂੰ ਭੀ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ ਲੁਬਾਣਾ ਬਰਾਦਰੀ ਦੀ ਸਿਆਸਤ ਵਿਚ ਕੀ ਹੋਂਦ ਹੈ। ਸਾਰੇ ਲੀਡਰਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਹਰ ਇੱਕ ਪੱਖ ਤੋਂ ਪਰਸੰਸਾ ਕੀਤੀ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ**




**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**


ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਜੁਲਾਈ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਜੁਲਾਈ ਮਹੀਨੇ ਦੀ ਕੁੱਲ ਆਮਦਨ - 422893 /-ਰੁਪਏ

ਜੁਲਾਈ ਮਹੀਨੇ ਦਾ ਕੁੱਲ ਖਰਚਾ - 342461 /-ਰੁਪਏ

2. **ਜੁਲਾਈ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਸਾਉਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 16 ਜੁਲਾਈ 2024 ਨੂੰ ਸ਼ਰਧਾਪੂਰਵਕ ਮਨਾਇਆ ਗਿਆ। ਇਸ ਮੌਕੇ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਹੋਏ ਸਹਿਜ ਪਾਠ ਦਾ ਭੋਗ ਪਾਇਆ ਗਿਆ। ਇਸ ਤੋਂ ਉਪਰੰਤ ਕੀਰਤਨੀ ਜੱਥੇ ਭਾਈ ਮਨਜਿੰਦਰ ਸਿੰਘ ਜੀ ਦੇ ਜੱਥੇ ਨੇ ਬਹੁਤ ਹੀ ਰਸਮਈ ਅਤੇ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸੈਂਕੜੇ ਸੰਗਤਾਂ ਵਲੋਂ ਭੋਗ ਤੇ ਹਾਜ਼ਰੀ ਭਰ ਕੇ ਪਾਠ ਅਤੇ ਕੀਰਤਨ ਸਰਵਨ ਕਰਕੇ ਗੁਰੂ ਘਰ ਦੀਆਂ ਅਨਮੋਲ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਹਿਜ ਪਾਠ ਦੀ ਸੇਵਾ ਸ: ਭਗਤ ਸਿੰਘ, ਆਈ.ਏ.ਐਸ. (ਰਿਟਾ.) ਅਤੇ ਉਹਨਾਂ ਦੇ ਪਰਿਵਾਰ ਵਲੋਂ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਕਰਵਾਈ ਗਈ। ਇਸ ਤੋਂ ਉਪਰੰਤ ਗੁਰੂ ਕੇ ਲੰਗਰ ਦੀ ਸੇਵਾ ਵੀ ਆਈ.ਏ.ਐਸ. ਪਰਿਵਾਰ ਵਲੋਂ ਕੀਤੀ ਗਈ। ਇਸ ਮੌਕੇ ਤੇ ਭਗਤ ਸਿੰਘ ਵਲੋਂ ਗੁਰੂ ਸਾਹਿਬ ਨੂੰ ਬਹੁਤ ਹੀ ਸੋਹਣੀ ਪੋਸ਼ਾਕ (ਰੁਮਾਲਾ ਸਾਹਿਬ) ਅਤੇ ਗੁਰੂ ਸਾਹਿਬ ਲਈ ਚੰਦੋਆ ਸਾਹਿਬ ਵੀ ਭੇਂਟ ਕੀਤੀ ਗਈ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡਾ. ਅਵਨੀਤ ਬਾਨੀ ਲਾਂਬਾ ਵਲੋ ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਠੀਕ ਚੱਲ ਰਿਹਾ ਹੈ ਜਿਸ ਵਿੱਚ ਜੁਲਾਈ ਮਹੀਨੇ ਵਿੱਚ ਲੋੜਵੰਦ ਲਾਭ ਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾਕੇ ਲਾਹਾ ਲਿਆ ਹੈ। ਡੈਂਟਲ ਕਲੀਨਿਕ ਨੂੰ ਸ਼ਿਫ਼ਟ ਕਰਕੇ ਭਵਨ ਦੇ ਬਲਾਕ ਏ ਦੇ ਗਰਾਉਂਡ ਫ਼ਲੋਰ ਤੇ ਸ਼ਿਫ਼ਟ ਕੀਤਾ ਗਿਆ।

4. ਮਿਤੀ 19 ਜੁਲਾਈ 2024 ਨੂੰ ਗੁਰੂ ਘਰ ਦੀ ਮੁੱਖ ਸੇਵਾਦਾਰ ਅਤੇ ਕੌਮ ਦੀ ਮਹਾਨ ਸਖ਼ਸ਼ੀਅਤ ਬੀਬੀ ਜਗੀਰ ਕੌਰ ਨੂੰ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਨਿੱਘਾ 'ਜੀ ਆਇਆ ਨੂੰ' ਕਿਹਾ ਗਿਆ। ਇਸ ਮੌਕੇ

ਤੇ ਬੀਬੀ ਜੀ ਨੇ ਆਪਣੇ ਵੱਡਮੁੱਲੇ ਵਿਚਾਰ ਮੌਜੂਦਾ ਪ੍ਰਧਾਨ ਜੀ ਅਤੇ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨਾਲ ਸਾਂਝੇ ਕੀਤੇ।

5. ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਸਥਾਪਿਤ 50 ਕੇ.ਵੀ, ਏ. ਸੋਲਰ ਪਲਾਂਟ ਦੀ ਸਬਸਿਟੀ ਦੇ ਸੰਬੰਧ ਵਿੱਚ-2021 ਤੋਂ ਲੰਬਿਤ ਸਬਸਿਡੀ ਦੇ ਵਿਸ਼ੇ ਤੇ ਭਵਨ ਵਲੋਂ ਕਰਨਲ ਗੁਰਦੀਪ ਸਿੰਘ (ਰਿਟਾ.), ਵਾਇਸ ਪ੍ਰਧਾਨ, ਹੈ.ਕੁ. ਨੂੰ ਇਸ ਦੀ ਸਬਸਿਡੀ ਦੇ ਵਿਸ਼ੇ ਤੇ ਜ਼ਿੰਮੇਵਾਰੀ ਦਿੱਤੀ ਗਈ, ਉਹਨਾਂ ਨੇ ਭਵਨ ਵਲੋਂ (CREST (Chandigarh Renewal Energy -Science & Technologies) ਦੇ ਡਾਇਰੈਕਟਰ ਨੂੰ ਇਕ ਪੱਤਰ ਸੌਂਪਿਆ ਅਤੇ ਡਾਇਰੈਕਟਰ ਸਾਹਿਬ ਨੇ ਇਹ ਅਸ਼ਵਾਸਨ ਦਿੱਤਾ ਕਿ ਇਸ ਸਬਸਿਡੀ ਦੀ ਰਕਮ Central Govt ਵਲੋਂ ਜਲਦੀ ਤੋਂ ਜਲਦੀ ਜਾਰੀ ਹੋਣ ਦੀ ਸੰਭਾਵਨਾ ਹੈ ਅਤੇ ਇਹ ਪੈਸਾ ਲੁਬਾਣਾ ਭਵਨ ਦੇ ਅਕਾਉਂਟ ਵਿੱਚ ਜਲਦੀ ਤੋਂ ਜਲਦੀ ਭੇਜਣ ਦੀ ਕੋਸ਼ਿਸ਼ ਕੀਤੀ ਜਾਵੇਗੀ।

6. **ਭਵਨ ਵਿੱਚ ਕੀਤੇ ਕੰਮਾਂ ਬਾਰੇ :** ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ ਦੀ ਸਲਾਨਾ ਇੰਸ਼ੋਰੇਐਂਸ ਰਿਨਿਊ ਕਰਾਈ ਗਈ। ਭਵਨ ਵਿਖੇ ਪਾਣੀ ਦੀ ਮੋਟਰ ਜੋ ਕਿ ਕਾਫ਼ੀ ਪੁਰਾਣੀ ਲੱਗੀ ਹੋਈ ਸੀ, ਉਸ ਵਿਚ ਖ਼ਰਾਬੀ ਆ ਰਹੀ ਸੀ, ਇਸ ਕਰਕੇ ਜ਼ਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ ਨਵੀ ਮੋਟਰ ਲਗਾਈ ਗਈ।



**ਕਿਸੇ ਦੀ ਪਿੱਠ ਪਿੱਛੇ ਓਨਾ ਹੀ ਬੋਲੋ ਜਿੰਨਾਂ ਉਸ ਦੇ ਮੂੰਹ ਤੇ ਬੋਲਣ ਦੀ ਹਿੰਮਤ ਰੱਖਦੇ ਹੋ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਅਮਨ ਨਗਰ ਵਿਖੇ ਘਰ ਨਿਰਮਾਣ ਅਤੇ ਹੋਰ ਕੰਮਕਾਜ

**ਸਾਡਾ ਘਰ ਬਣਿਆ** : ਡਿਪਟੀ ਕਮਿਸ਼ਨਰ, ਕਪੂਰਥਲਾ ਦੀ ਕੋਠੀ ਲਾਗੇ ਪੀਲੇ ਫੁੱਲਾਂ ਵਾਲੇ ਅਮੱਲਤਾਸ ਦੇ ਰੁੱਖਾਂ ਵਾਲੀ ਸੜਕ ਤੇ ਸਥਿਤ ਮਹੱਲਾ ਅਮਨ ਨਗਰ ਦਾ ਇੱਕ ਕਨਾਲ (20 ਮਰਲੇ) ਦਾ ਪਲਾਟ ਮਿਤੀ 04 ਦਸੰਬਰ, 1973 ਨੂੰ ਖਰੀਦਿਆ ਹੋਇਆ ਸੀ। ਜਿਸ ਤੇ ਉਨ੍ਹਾਂ ਦਿਨਾਂ ਵਿੱਚ 17 ਹਜ਼ਾਰ ਰੁਪਏ ਖਰਚ ਹੋਏ ਸਨ। ਬਾਅਦ ਵਿੱਚ ਨਾਲ ਲਗਦਾ 5 ਮਰਲੇ ਦਾ ਕਾਰਨਰ ਪਲਾਟ 5 ਹਜ਼ਾਰ ਵਿੱਚ ਮਿਲ ਗਿਆ। ਜਿਸ ਨਾਲ ਇਹ 25 ਮਰਲੇ (500 ਵਰਗ ਗਜ਼) ਦਾ ਕਾਰਨਰ ਪਲਾਟ ਬਣ ਗਿਆ ਸੀ। ਨਗਰ ਕੌਂਸਲ, ਕਪੂਰਥਲਾ ਨੂੰ 400 ਰੁਪਏ ਵਿਕਾਸ ਚਾਰਜਜ਼ ਦੇ ਕੇ 9 ਜੂਨ, 1975 ਨੂੰ ਘਰ ਦਾ ਨਕਸ਼ਾ ਪਾਸ ਕਰਵਾ ਲਿਆ। ਸ. ਹਰਭਜਨ ਸਿੰਘ ਨੱਡਾ ਦੇ ਕਰੀਬੀ ਰਿਸ਼ਤੇਦਾਰ ਸ. ਬਲਬੀਰ ਸਿੰਘ ਨੇ ਆਪ ਇੱਕ ਹੋਰ ਨਕਸ਼ਾ ਬਣਾ ਕੇ ਭੇਜ ਦਿੱਤਾ ਜਿਸ ਅਨੁਸਾਰ ਉਸਾਰੀ ਹੋਈ। ਸਿੱਖਿਆ ਵਿਭਾਗ ਵੱਲੋਂ 43000/- ਰੁਪਏ ਦਾ ਲੋਨ ਵੀ ਮਿਲ ਗਿਆ। ਸਤੰਬਰ, 1975 ਦੇ ਪਹਿਲੇ ਹਫਤੇ ਕੰਮ ਸ਼ੁਰੂ ਕੀਤਾ। ਸਰਕਾਰੀ ਕੰਟਰੋਲ ਕਰਕੇ ਸੀਮੈਂਟ ਖੁੱਲ੍ਹਾ ਨਹੀਂ ਸੀ ਮਿਲਦਾ ਜਿਸ ਕਰਕੇ ਕੇਰੀ ਚੂਨੇ ਦੀ ਉਸਾਰੀ ਕੀਤੀ ਗਈ। ਲੈਂਟਰ ਲਈ ਰਾਜਸਥਾਨ ਫੈਕਟਰੀ ਤੋਂ ਰੇਲ ਗੱਡੀ ਰਾਹੀਂ ਸੀਮੈਂਟ ਮੰਗਵਾਇਆ ਗਿਆ। ਉਸਾਰੀ ਦਾ ਕੰਮ ਮਿਸਤਰੀ ਚੰਨਣ ਸਿੰਘ ਨੇ ਕੀਤਾ। ਬਾਹਰਲੀਆਂ ਸਾਰੀਆਂ ਦੀਵਾਰਾਂ ਡੇਢ ਇੱਟ ਦੀਆਂ ਉਸਾਰੀਆਂ ਗਈਆਂ। ਲਕੜੀ ਦੇ ਕੰਮ ਲਈ ਦਿਆਰ ਦੀ ਲਕੜੀ ਦਾ ਟਰੱਕ ਪਠਾਨਕੋਟ ਤੋਂ ਲੈ ਕੇ ਆਏ। ਮੈਨੂੰ ਤਾਂ ਉਨ੍ਹਾਂ ਦਿਨਾਂ ਵਿੱਚ ਕਪੂਰਥਲੇ ਕਾਲਜ ਜਾਣਾ ਪੈਂਦਾ ਸੀ। ਇਸ ਲਈ ਘਰ ਦੀ ਉਸਾਰੀ ਦੀ ਦੇਖ ਭਾਲ ਜ਼ਿਆਦਾਤਰ ਸਰਦਾਰਨੀ ਸੁਰਜੀਤ ਕੌਰ ਅਤੇ ਬੇਟਾ ਜਸਵਿੰਦਰ ਸਿੰਘ ਹੀ ਕਰਦੇ ਸਨ। ਚਿਪਸ ਦਾ ਕੰਮ ਲੁਧਿਆਣਾ ਦੇ ਇਕ ਮਿਸਤਰੀ ਨੇ ਕੀਤਾ ਜੋ ਉਰਦੂ ਦਾ ਕਵੀ ਵੀ ਸੀ ਅਤੇ ਮੈਨੂੰ ਆਪਣੀਆਂ ਕਵਿਤਾਵਾਂ ਸੁਣਾਇਆ ਕਰਦਾ ਸੀ। ਸਾਰਾ ਕੰਮ ਬੜੀ ਤੇਜ਼ੀ ਨਾਲ ਚਲਿਆ ਅਤੇ ਚਾਰ ਮਹੀਨਿਆਂ ਵਿੱਚ ਘਰਦਾ ਪਹਿਲਾ ਫੇਜ਼ ਬਣ ਕੇ ਤਿਆਰ ਹੋ ਗਿਆ ਅਤੇ 14 ਜਨਵਰੀ, 1976 ਨੂੰ ਗੁਰੂ ਮਹਾਰਾਜ ਦੀ ਕਿਰਪਾ ਨਾਲ ਪਰਿਵਾਰ ਨੇ ਨਵੇਂ ਘਰ ਵਿੱਚ ਸ਼ਿਫਟ ਕਰ ਲਿਆ। ਬਾਅਦ ਵਿੱਚ ਘਰ ਉਸਾਰੀ ਵਿੱਚ ਵਾਧਾ ਹੁੰਦਾ ਗਿਆ। ਕਈ ਫੇਜ਼ ਚਲਦੇ ਰਹੇ ਅਤੇ ਮੇਰੇ ਮੋਟੇ ਅਨੁਮਾਨ ਅਨੁਸਾਰ ਜੂਨ, 2001 ਤੱਕ ਘਰ ਉਸਾਰੀ ਤੇ ਪਲਾਟ ਸਣੇ ਕੇਵਲ ਤਿੰਨ ਲੱਖ ਰੁਪਏ ਖਰਚ ਹੋਏ ਸਨ।

**ਪਿਤਾ ਜੀ ਦਾ ਦਿਹਾਂਤ** : ਪੂਜਨੀਕ ਪਿਤਾ ਜੀ ਸਰਦਾਰ ਗਹਿਣਾ ਸਿੰਘ, ਜਿਨ੍ਹਾਂ ਨੂੰ ਅਸੀਂ ਸਾਰੇ ਬੱਚੇ ਲਾਲਾ ਜੀ ਕਹਿਕੇ ਬੁਲਾਉਂਦੇ ਸਾਂ, ਬਾਰੇ ਕਿਹਾ ਜਾਂਦਾ ਸੀ ਕਿ ਉਹ ਕਦੇ ਬੀਮਾਰ ਨਹੀਂ ਸਨ ਹੋਏ। ਆਪਣੇ ਪਿੰਡ ਵਿੱਚ ਸਭ ਤੋਂ ਭਾਰੀ ਕਣਕ ਦੀ ਪੰਡ ਸਿਰ 'ਤੇ ਚੁੱਕ ਕੇ ਲੈ ਜਾਂਦੇ ਸਨ। ਕੁਝ ਸਮੇਂ ਲਈ ਫੌਜ ਵਿੱਚ ਭਰਤੀ ਵੀ ਰਹੇ ਪਰ ਪਹਿਲੇ ਵਿਸ਼ਵ ਯੁੱਧ ਦੇ 1918 ਵਿੱਚ ਖਤਮ ਹੋਣ ਤੇ ਘਰ ਭੇਜ ਦਿੱਤੇ ਗਏ। ਜਵਾਨੀ ਵੇਲੇ ਛੋਟੀ ਚਾਟੀ (ਲਗਭਗ 10 ਲੀਟਰ) ਲੱਸੀ ਪੀ ਜਾਂਦੇ ਸਨ। ਉਹ ਇੱਕ ਸੱਚੇ ਕਰਮਯੋਗੀ ਸਨ। ਸਾਰੀ ਉਮਰ ਉਨ੍ਹਾਂ ਨੇ ਹਡ ਭਨਵੀਂ ਮਿਹਨਤ ਕੀਤੀ ਅਤੇ ਸਾਂਝੇ ਪਰਿਵਾਰ ਦੀ ਰੱਜਕੇ ਸੇਵਾ ਕੀਤੀ। ਦਰਮਿਆਨੇ ਦਰਜੇ ਦਾ ਜ਼ਿਮੀਦਾਰ ਪਰਿਵਾਰ ਸੀ। ਵੱਡੇ ਭਾਈ ਹੋਣ ਕਰਕੇ ਛੋਟੇ ਭਰਾਵਾਂ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਬਾ-ਖ਼ੂਬੀ ਨਿਭਾਈਆਂ। ਆਪਣੀ ਧਰਮ ਪਤਨੀ ਸਰਦਾਰਨੀ ਅੱਛਰ ਕੌਰ ਨਾਲ ਮਿਲ ਕੇ ਬੜੇ ਸੁੱਚਜੇ ਢੰਗ ਨਾਲ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕੀਤਾ। ਪਰਮਾਤਮਾ ਨੇ ਉਨ੍ਹਾਂ ਦੀ ਨੇਕ ਕਮਾਈ ਨੂੰ ਭਾਗ ਲਾਏ। ਉਨ੍ਹਾਂ ਦਾ ਬਾਗ ਪਰਿਵਾਰ ਖੂਬ ਫਲਿਆ-ਫੁੱਲਿਆ। ਉਨ੍ਹਾਂ ਦੇ ਪੰਜਾਂ ਬੇਟਿਆਂ ਅਤੇ ਅੱਗੇ ਉਨ੍ਹਾਂ ਦੇ ਬੱਚਿਆਂ ਨੇ ਸਰਕਾਰੇ ਦਰਬਾਰੇ ਅਤੇ ਦੇਸ-ਪ੍ਰਦੇਸ ਵਿੱਚ ਮੱਲਾਂ ਮਾਰੀਆਂ ਅਤੇ ਉੱਨਤੀ ਕਰਕੇ ਉਨ੍ਹਾਂ ਦਾ ਨਾਂ ਰੌਸ਼ਨ ਕੀਤਾ। ਲਗਭਗ 85 ਸਾਲ ਦੀ ਆਯੂ ਭੋਗਣ ਤੋਂ ਬਾਅਦ ਥੋੜ੍ਹੇ ਦਿਨ ਬੁਖਾਰ, ਛਾਤੀ ਜਕੜਨ ਦੀ ਤਕਲੀਫ ਉਪਰੰਤ ਦਿਲ ਦੀ ਧੜਕਨ ਬੰਦ ਹੋਣ ਕਰਕੇ ਮਿਤੀ 15 ਜੁਲਾਈ 1980 ਨੂੰ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰਖੇ ਅਖੰਡ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਮਿਤੀ 03 ਅਗਸਤ 1980 ਨੂੰ ਪਿੰਡ ਭੂਛਾਂ ਵਿਖੇ ਪੂਰਨ ਗੁਰ ਮਰਿਆਦਾ ਅਨੁਸਾਰ ਸੰਪੂਰਨ ਹੋਈ।

**ਜਸਲੋਕ ਪ੍ਰਿੰਟਿੰਗ ਪ੍ਰੈੱਸ** : ਨਵੰਬਰ, 1983 ਵਿੱਚ ਸੇਵਾ ਮੁਕਤ ਹੋਣ ਤੋਂ ਬਾਅਦ ਆਪਣੇ ਆਪ ਨੂੰ ਕਿਸੇ ਕੰਮ ਵਿੱਚ ਮਸਰੂਫ ਰੱਖਣ ਦੇ ਮੰਤਵ ਨਾਲ ਆਪਣੀ ਧਰਮ ਪਤਨੀ ਸਰਦਾਰਨੀ ਸੁਰਜੀਤ ਕੌਰ ਦੇ ਨਾਂ ਤੇ ਜਸਲੋਕ ਪ੍ਰਿੰਟਿੰਗ ਪ੍ਰੈੱਸ ਸਥਾਪਿਤ ਕੀਤਾ ਗਿਆ। ਜਿਸ ਦੇ ਉਦਘਾਟਨ ਦੀ ਰਸਮ ਮਿਤੀ 07 ਨਵੰਬਰ, 1982 ਨੂੰ ਚਾਹ

ਪਾਰਟੀ ਦੇ ਸਮਾਗਮ ਨਾਲ ਅਦਾ ਕੀਤੀ ਗਈ। ਸਥਾਨਿਕ ਪੰਜਾਬ ਸਿੰਧ ਬੈਂਕ ਤੋਂ 50 ਹਜ਼ਾਰ ਰੁਪਏ ਦਾ ਕਰਜ਼ਾ ਲਿਆ। ਲਗਭਗ 21 ਹਜ਼ਾਰ ਰੁਪਏ ਦੀ ਮਸ਼ੀਨਰੀ ਅਤੇ ਪ੍ਰਿੰਟਿੰਗ ਟਾਈਪ ਖਰੀਦੀ ਗਈ। ਘਰ ਦੇ ਪਿਛਲੇ ਪਾਸੇ ਦੋ ਕਮਰੇ ਪ੍ਰੈੱਸ ਲਈ ਤਿਆਰ ਕੀਤੇ ਗਏ। ਲਗਭਗ ਸੱਤ ਅੱਠ ਸਾਲ ਪ੍ਰੈੱਸ ਦਾ ਕੰਮ ਖੂਬ ਚਲਿਆ। ਸਕੂਲਾਂ ਕਾਲਜਾਂ ਦੇ ਇਮਤਿਹਾਨਾਂ ਦੇ ਪ੍ਰਸ਼ਨ ਪੱਤਰ, ਕਾਲਜਾਂ ਦੇ ਮੈਗਜ਼ੀਨ, ਰੇਲਵੇ ਭਰਤੀ ਬੋਰਡ ਦੇ ਪ੍ਰਸ਼ਨ ਪੱਤਰ, ਅਕਤੂਬਰ 1982 ਤੋਂ ਮਾਰਚ 1987 ਤੱਕ ਦੀ ਲੁਬਾਣਾ ਸੇਵਕ ਮਾਸਿਕ ਪੱਤ੍ਰਿਕਾ, ਲੈਫ. ਕਰਨਲ ਗੁਲਚਰਨ ਸਿੰਘ ਦੀ ਲਿਖੀ ਜੀਵਨੀ ਸੰਤ ਪ੍ਰੇਮ ਸਿੰਘ ਜੀ ਮੁਰਾਲਾ, ਕਵੀ ਦਰਸ਼ਨ ਸਿੰਘ ਸਾਜਨ ਦੀ ਰਚਨਾ ਸਾਜਨ ਝਲਕ ਅਤੇ ਹੋਰ ਕਈ ਪ੍ਰਕਾਰ ਦੀ ਛਪਾਈ ਦੇ ਕੰਮਾਂ ਲਈ ਅਤੇ ਮਿਆਰੀ ਪ੍ਰਿੰਟਿੰਗ ਲਈ ਪ੍ਰੈੱਸ ਕਾਫੀ ਪ੍ਰਸਿੱਧ ਹੋਇਆ। ਬੈਂਕ ਤੋਂ ਲਿਆ ਕਰਜ਼ ਉੱਤਾਰ ਦਿੱਤਾ ਗਿਆ। ਪੰਜ ਛੇ ਵਰਕਰ ਕੰਮ ਕਰਦੇ ਸਨ। ਦਸੰਬਰ, 1989 ਵਿੱਚ ਜਸਵਿੰਦਰ ਨੇ ਆਪਣਾ ਮਹਿਕਮਾ ਬਦਲ ਲਿਆ। ਉਹ ਕਰ ਅਤੇ ਆਬਕਾਰੀ ਵਿਭਾਗ ਵਿੱਚ ਇੰਸਪੈਕਟਰ ਸਿਲੈਕਟ ਹੋ ਗਿਆ ਅਤੇ ਉਸ ਦੀ ਕਪੂਰਥਲਾ ਤੋਂ ਬਾਹਰ ਦੀ ਬਦਲੀ ਹੋ ਗਈ। ਉਸ ਦੇ ਜਾਣ ਨਾਲ 1990 ਵਿੱਚ ਪ੍ਰੈੱਸ ਬੰਦ ਕਰ ਦਿੱਤਾ ਗਿਆ। ਉਸ ਦੀ ਮਸ਼ੀਨਰੀ ਲਾਗਤ ਨਾਲੋਂ ਵੱਧ ਮੁਨਾਫੇ ਤੇ ਵੇਚ ਦਿੱਤੀ ਗਈ।

**ਮੈਂਬਰ ਰੇਲਵੇ ਰੈਕਰੂਟਮੈਂਟ ਬੋਰਡ** : ਰਣਧੀਰ ਕਾਲਜ ਕਪੂਰਥਲਾ ਦੇ ਆਪਣੇ ਇੱਕ ਪੁਰਾਣੇ ਸਾਥੀ ਪ੍ਰਿੰ. ਕਰਤਾਰ ਸਿੰਘ ਨਾਲ ਇੱਕ ਵਾਰ ਰੇਲਵੇ ਰੈਕਰੂਟਮੈਂਟ ਬੋਰਡ, ਚੰਡੀਗੜ੍ਹ ਦੇ ਚੇਅਰਮੈਨ ਸ. ਤਰਸੇਮ ਸਿੰਘ ਸਹੋਤਾ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਚੰਡੀਗੜ੍ਹ ਦੇ ਇਸ ਬੋਰਡ ਦੇ ਗੈਰ ਸਰਕਾਰੀ ਮੈਂਬਰ ਦੇ ਤੌਰ 'ਤੇ 28 ਮਾਰਚ, 1985 ਨੂੰ ਪਹਿਲੀ ਵਾਰ ਇੰਟਰਵਿਊ ਲੈਣ ਲਈ ਬੋਰਡ ਦੀ ਮੀਟਿੰਗ ਵਿੱਚ ਸ਼ਾਮਿਲ ਹੋਇਆ। ਇਹ ਸਿਲਸਿਲਾ 16 ਅਕਤੂਬਰ, 1986 ਤੱਕ ਜਾਰੀ ਰਿਹਾ।

**ਮੈਂਬਰ ਰੇਲ ਕੋਚ ਫੈਕਟਰੀ ਭਰਤੀ ਬੋਰਡ** : ਰੇਲ ਕੋਚ ਫੈਕਟਰੀ ਕਪੂਰਥਲਾ ਦੀਆਂ ਵੱਖ-ਵੱਖ ਟਰੇਡਜ਼ ਦੀ ਭਰਤੀ ਲਈ ਇੰਟਰਵਿਊ ਬੋਰਡ ਦਾ ਮੈਂਬਰ ਥਾਪਿਆ ਗਿਆ ਅਤੇ 20 ਅਕਤੂਬਰ 1986 ਤੋਂ 29 ਅਕਤੂਬਰ, 1986 ਤੱਕ ਇੰਟਰਵਿਊ ਲੈਣ ਲਈ ਬੋਰਡ ਦੀਆਂ ਮੀਟਿੰਗਾਂ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ। ਲਗਭਗ ਦਸ ਹਜ਼ਾਰ ਦੀ ਨਫਰੀ ਦੀ ਭਰਤੀ ਕਰਨੀ ਸੀ ਜਿਸ ਲਈ ਆਈ ਟੀ ਆਈ ਪਾਸ ਦਾ ਸਰਟੀਫਿਕੇਟ ਜ਼ਰੂਰੀ ਸੀ। ਪਰ ਪੰਜਾਬ ਰਾਜ ਵਿੱਚ ਤਾਂ ਉਸ ਵੇਲੇ ਆਈ.ਟੀ.ਆਈ. ਟਰੇਡਜ਼ ਪਾਸ ਕੀਤੇ ਉਮੀਦਵਾਰ ਬੜੇ ਘੱਟ ਮਿਲਦੇ ਸਨ। ਇਸ ਤੋਂ ਇਲਾਵਾ ਰੇਲਵੇ ਭਰਤੀ ਬੋਰਡ ਜੰਮੂ ਦਾ ਮੈਂਬਰ ਵੀ ਰਿਹਾ ਅਤੇ ਇਨ੍ਹਾਂ ਬੋਰਡਾਂ ਦੇ ਭਰਤੀ ਲਈ ਲਏ ਜਾਣ ਵਾਲੇ ਟੈਸਟਾਂ ਲਈ ਪੇਪਰ ਵੀ ਸੈੱਟ ਕਰਦਾ ਰਿਹਾ।

● ● ●

## ਖੁਸ਼ਖਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

## ਔਲਾਦ ਭਾਵੇਂ ਬੇਰੁਜ਼ਗਾਰ ਹੋਵੇ ਪਰ ਭੈੜੀ ਨਾ ਹੋਵੇ।

# ਪੰਜਾਬ 'ਚ ਵਾਤਾਵਰਣ ਦਾ ਨਿਘਾਰ

ਪੰਜਾਬ 'ਚ ਵਾਤਾਵਰਣ ਦਾ ਨਿਘਾਰ ਲਗਾਤਾਰ ਜਾਰੀ ਹੈ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਇਸਦਾ ਵੱਡਾ ਕਾਰਣ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ 'ਚ ਜੰਗਲਾਤ ਤਹਿਤ ਰਕਬਾ 40ਫੀਸਦੀ ਸੀ, ਜੋ ਹੁਣ ਘੱਟ ਕੇ 3.7 ਫੀਸਦੀ ਰਹਿ ਗਿਆ ਹੈ। ਮਾਹਿਰਾਂ ਦੀ ਰਾਇ ਅਨੁਸਾਰ ਵਸੋਂ ਲਈ ਵਧੀਆ ਵਾਤਾਵਰਣ ਵਾਸਤੇ ਧਰਤੀ ਦੇ 33ਫੀਸਦੀ ਹਿੱਸੇ ਉੱਪਰ ਜੰਗਲ ਹੋਣਾ ਜ਼ਰੂਰੀ ਹੈ। ਫ਼ਿਕਰ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦਾ ਜੋ ਜੰਗਲੀ ਰਕਬਾ ਬਚਿਆ-ਖੁਚਿਆ ਹੈ, ਉਹ ਮਕਾਨ ਉਸਾਰੀ ਅਤੇ ਉਦਯੋਗਿਕ ਪਸਾਰੇ ਦੀ ਮਾਰ ਹੇਠ ਹੈ।

ਪੰਜਾਬ ਦੀ ਆਬੋ-ਹਵਾ ਪਲੀਤ ਹੋ ਰਹੀ ਹੈ। ਸੂਬੇ 'ਚ ਪੀਣ ਵਾਲੇ ਪਾਣੀ ਦੀ ਘਾਟ ਹੋ ਗਈ ਹੈ। ਗੰਦੇ ਪਾਣੀ ਨੇ ਸਾਡੇ ਸਾਫ਼-ਸੁਥਰੇ ਦਰਿਆਵਾਂ ਦਾ ਪਾਣੀ ਤੱਕ ਗਲੀਜ਼ ਕਰ ਦਿੱਤਾ ਹੈ। ਇਹ ਪਾਣੀ ਕੈਂਸਰ ਆਦਿ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੋਇਲੇ ਨਾਲ ਚੱਲਣ ਵਾਲੀ ਬਿਜਲੀ ਕਾਰਖਾਨਿਆਂ 'ਚੋਂ ਨਿਕਲਦੇ ਰਸਾਇਣ, ਵਿਕੀਰਨ ਕਿਰਨਾਂ ਤੇ ਬਦਬੂਦਾਰ ਹਵਾ ਨੇ ਨਵਜੰਮੇ ਬੱਚਿਆਂ ਦੇ ਦਿਮਾਗ਼ ਤੇ ਜਿਸਮਾਂ ਵਿੱਚ ਨਿਰਯੋਗਤਾ ਲੈ ਆਂਦੀ ਹੈ। ਪੰਜਾਬ ਦੀ ਹਵਾ ਦੂਸ਼ਿਤ ਹੈ, ਪੰਜਾਬ ਦਾ ਪਾਣੀ ਗੰਦਲਾ ਹੈ, ਪਾਣੀ ਦੀ ਥੁੜ ਪੰਜਾਬ ਨੂੰ ਚਿਤਾਵਨੀ ਦੇ ਰਹੀ ਹੈ। ਕੀ ਪੰਜਾਬ, ਹਵਾ, ਪਾਣੀ ਤੇ ਅੰਨ ਤੋਂ ਬਿਨਾਂ ਆਪਣੀ ਹੋਂਦ ਦੀ ਕਲਪਨਾ ਵੀ ਕਰ ਸਕਦਾ ਹੈ।

ਵੀਹਵੀ ਸਦੀ ਦੇ ਸ਼ੁਰੂ ਵਿਚ ਵਧਦੀ ਹੋਈ ਵਸੋਂ ਕਾਰਨ ਜਦੋਂ ਦੇਸ਼ ਭੁੱਖਮਰੀ ਦੇ ਕਿਨਾਰੇ ਸੀ, ਅੰਗਰੇਜ਼ੀ ਸਾਸ਼ਨ ਦੌਰਾਨ ਪੰਜਾਬ ਦੇ ਮਿਹਨਤਕਸ਼ ਕਿਸਾਨਾਂ-ਮਜ਼ਦੂਰਾਂ ਨੇ ਪਾਣੀ ਦੇ ਬਲਬੂਤੇ ਪੰਜਾਬ 'ਚ ਅੰਨ ਉਗਾ ਕੇ ਦੇਸ਼ ਦੀ ਬਾਂਹ ਫੜੀ ਸੀ। ਅਜ਼ਾਦੀ ਤੋਂ ਬਾਅਦ ਫਿਰ ਇਕ ਵੇਰ ਹਰੇ ਇਨਕਲਾਬ ਦੌਰਾਨ ਪੰਜਾਬੀ ਕਿਸਾਨਾਂ ਨੇ ਧਰਤੀ ਦਾ ਸੀਨਾ ਪਾੜ ਕੇ ਤੇ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਇੰਤਹਾ ਵਰਤੋਂ ਕਰਕੇ ਦੇਸ਼ ਵਿਚ ਭੁੱਖੇ ਲੋਕਾਂ ਦੇ ਮੂੰਹ ਅਨਾਜ ਪਾਇਆ ਸੀ। ਪਰ ਪੰਜਾਬ ਨੂੰ ਇਸ ਦੀ ਕੀਮਤ ਹੁਣ ਚੁਕਾਉਣੀ ਪੈ ਰਹੀ ਹੈ।


ਗੁਰਮੀਤ ਸਿੰਘ ਪਲਾਹੀ
98158-02070




ਧਰਤੀ ਹੇਠਲਾ ਪਾਣੀ ਇਸ ਕਦਰ ਮੁਕਦਾ ਜਾ ਰਿਹਾ ਹੈ ਕਿ ਚਿਤਾਵਨੀ ਮਿਲ ਰਹੀ ਹੈ ਮਾਹਿਰਾਂ ਵੱਲੋਂ ਕਿ ਜੇਕਰ ਪੰਜਾਬ ਦਰਿਆਵਾਂ (ਢਾਈ ਦਰਿਆਵਾਂ) ਦੀ ਧਰਤੀ ਪੰਜਾਬ ਦੇ ਪਾਣੀ ਦੀ ਇੰਜ ਹੀ ਵਰਤੋਂ ਹੁੰਦੀ ਰਹੀ ਤਾਂ 21ਵੀਂ ਸਦੀ ਦੇ ਅੱਧ ਜਿਹੇ ਵਿਚ ਯਾਨਿ ਅਗਲੇ 20 ਵਰ੍ਹਿਆਂ ਵਿਚ ਹੀ ਪੰਜਾਬ ਦੀ ਧਰਤੀ ਮਾਰੂਥਲ ਬਣ ਜਾਏਗੀ।

ਉਂਞ ਪੰਜਾਬ ਹੀ ਨਹੀਂ ਪੂਰਾ ਦੇਸ਼ ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੰਨ 2021 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ 2004 ਤੋਂ 2017 ਦੇ ਵਿਚਕਾਰ ਭਾਰਤ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ 58 ਤੋਂ 63 ਫੀਸਦੀ ਵਧੀ ਹੈ। ਜੇਕਰ ਧਰਤੀ ਹੇਠਲੇ ਪਾਣੀ ਦੀ ਸਥਿਤੀ ਇਹੋ ਜਿਹੀ ਹੀ ਰਹੀ ਤਾਂ ਪੀਣ ਵਾਲੇ ਪਾਣੀ ਦੀਆਂ ਪ੍ਰੇਸ਼ਾਨੀਆਂ 80ਫੀਸਦੀ ਤੱਕ ਵਧ ਜਾਣਗੀਆਂ। ਗਰਮੀਆਂ ਦੇ ਦਿਨਾਂ 'ਚ ਦੇਸ਼ ਦੇ ਕਈ ਹਿੱਸਿਆਂ 'ਚ ਪਾਣੀ ਦੀ ਕਿੱਲਤ ਆ ਜਾਂਦੀ ਹੈ। ਪਾਣੀ ਲਈ ਹਿੰਸਕ ਝਗੜੇ ਹੁੰਦੇ ਹਨ। ਅਜਮੇਰ/ਰਾਜਸਥਾਨ ਦੇ ਇਕ ਵਕੀਲ ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿ ਸਾਧਨ ਹੋਣ ਦੇ ਬਾਵਜੂਦ ਵੀ ਉਹ ਆਪਣੇ ਪਰਿਵਾਰ ਲਈ ਪਾਣੀ ਦਾ ਵਾਜਬ ਪ੍ਰਬੰਧ ਨਹੀਂ ਕਰ ਸਕਿਆ।

ਹਾਲਾਤ ਪੰਜਾਬ 'ਚ ਵੀ ਚਿੰਤਾਜਨਕ ਹਨ। ਪੰਜਾਬ 'ਚ ਸਿੰਚਾਈ ਦੇ ਸਾਧਨਾ ਦਾ ਮੁੱਖ ਸਰੋਤ ਧਰਤੀ ਹੇਠਲਾ ਪਾਣੀ ਹੈ। ਨਹਿਰੀ ਪਾਣੀ ਦੀ ਵਰਤੋਂ ਨਹੀਂ ਹੋ ਰਹੀ। ਬਰਸਾਤੀ ਪਾਣੀ ਨੂੰ ਸੰਭਾਲਿਆ ਨਹੀਂ ਜਾ ਰਿਹਾ। ਪੰਜਾਬ ਦੀਆਂ ਝੀਲਾਂ ਤੇ ਜਲਗਾਹ ਦਿਨ-ਬ-ਦਿਨ ਘਟ ਰਹੇ ਹਨ। ਵੰਡ ਤੋਂ ਬਾਅਦ ਇਹਨਾਂ ਦਾ ਰਕਬਾ ਅੱਧ ਫੀਸਦੀ ਤੋਂ ਵੀ ਘੱਟ ਹੈ। ਹਰੀਕੇ, ਰੋਪੜ, ਕਾਂਜਲੀ, ਰਣਜੀਤ ਸਾਗਰ ਅਤੇ ਨੰਗਲ ਦੀਆਂ ਝੀਲਾਂ ਵੱਲ ਤਾਂ ਥੋੜ੍ਹਾ ਧਿਆਨ ਦਿੱਤਾ ਜਾਂਦਾ ਹੈ ਪਰ ਕਾਹਨੂੰਵਾਨ ਛੰਭ, ਬਰੋਟਾ, ਲਹਿਲ ਕਲਾਂ ਵਰਗੀਆਂ ਝੀਲਾਂ ਨਜ਼ਰਅੰਦਾਜ਼ ਹਨ। ਪਿੰਡਾਂ ਵਿਚ ਛੱਪੜ, ਸ਼ਹਿਰਾਂ 'ਚ ਤਲਾਅ ਲਗਭਗ ਪੱਧਰੇ ਕਰ ਦਿੱਤੇ ਗਏ ਹਨ।

ਅਜੋਕੇ ਪੰਜਾਬ ਦੇ ਹਾਲਾਤ ਇਹ ਹਨ ਕਿ ਅਸੀਂ ਜਿੰਨਾ ਪਾਣੀ ਧਰਤੀ 'ਚੋਂ ਕੱਢਦੇ ਹਾਂ ਉਹਦਾ ਅੱਧਾ-ਕੁ ਹੀ ਧਰਤੀ ਨੂੰ ਵਾਪਿਸ ਕਰਦੇ ਹਾਂ। ਰੀ-ਚਾਰਜਿੰਗ ਕਰਨਾ ਤਾਂ ਅਸੀਂ ਭੁੱਲ ਹੀ ਗਏ ਹਾਂ। ਰੀ-ਚਾਰਜਿੰਗ ਤਾਂ ਮੀਂਹ ਜਾਂ ਦਰਿਆਵਾਂ ਦੇ ਪਾਣੀ ਦੇ ਜੀਰਣ ਨਾਲ ਹੁੰਦੀ ਹੈ, ਜਦੋਂ ਇਹ ਪਾਣੀ ਧਰਤੀ ਦੀਆਂ ਪਰਤਾਂ ਵਿਚ ਦੀ ਛਣਕੇ ਐਕੁਈਫ਼ਰਜ਼ ਨੂੰ ਫਿਰ ਲਬਰੇਜ ਕਰਦਾ ਹੈ, ਪਰ ਅਸੀਂ ਧਰਤੀ ਹੇਠਲੇ ਪਾਣੀ ਦੇ ਪੱਤਣਾਂ ਦੀ ਪ੍ਰਵਾਹ ਕਰਨੀ ਹੀ ਛੱਡ ਦਿੱਤੀ ਹੈ। ਸਿੱਟਾ ਖੂਹਾਂ ਦਾ ਮਿੱਠ ਪਾਣੀ ਜੋ ਤਿੰਨ-ਚਾਰ ਮੀਟਰ ਤੇ ਹੀ ਸਾਨੂੰ ਮਿਲ ਜਾਂਦਾ ਸੀ, ਹੁਣ ਉਸ ਲਈ ਤਾਂ ਅਸੀਂ ਜਿਵੇਂ ਤਰਸ ਹੀ ਗਏ ਹਾਂ।

ਪੰਜਾਬ ਦੇ ਖੇਤਾਂ ਦੀ 75ਫੀਸਦੀ ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਇ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੋ ਰਹੀ ਹੈ। ਬੇਕਾਬੂ ਘਰੇਲੂ ਖਪਤ ਤੇ ਅੰਨ੍ਹੇਵਾਹ ਪਾਣੀ ਦੀ ਸਨਅਤੀ ਵਰਤੋਂ ਵੀ ਨਿਘਾਰ ਦਾ ਕਾਰਨ ਹੈ, ਉਪਰੋਂ ਆਲਮੀ ਤਪਸ਼ ਤੇ ਜੰਗਲਾਂ ਦੀ ਕਟਾਈ ਨੇ ਮੀਹਾਂ ਦੀ ਕਿੱਲਤ ਪੈਦਾ ਕੀਤੀ ਹੈ। ਹਾਲਾਤ ਇਹ ਹਨ ਕਿ 23 ਜ਼ਿਲ੍ਹਿਆਂ ਵਿਚੋਂ 18 ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਦੇ ਕਰੀਬ ਘੱਟ ਰਿਹਾ ਹੈ।

ਜਿਥੇ ਜੰਗਲਾਂ ਦੀ ਕਟਾਈ ਨੇ ਪੰਜਾਬ ਪਲੀਤ ਕੀਤਾ ਹੈ, ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਗੰਦੇ ਪਾਣੀ ਨੇ ਪੰਜਾਬ ਲਈ ਚੈਲਿੰਜ ਖੜ੍ਹੇ ਕੀਤੇ ਹੋਏ ਹਨ, ਉਥੇ ਮਸ਼ੀਨੀ ਖੇਤੀ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਪੰਜਾਬ ਨੂੰ ਤਬਾਹੀ ਦੇ ਕੰਢੇ ਲੈ ਜਾ ਰਿਹਾ ਹੈ।

ਦੇਸ਼ ਵਿਚ ਕਣਕ ਦੀ ਪੈਦਾਵਾਰ ਦਾ 60ਫੀਸਦੀ ਤੇ ਚੌਲਾਂ ਦਾ 40ਫੀਸਦੀ ਪੰਜਾਬ ਵਿਚ ਰਿਸਾਇਣਾਂ ਦੀ ਖੁਰਾਕ ਨਾਲ ਪੈਦਾ ਹੁੰਦਾ ਹੈ। ਰਿਸਾਇਣਕ ਖਾਦਾਂ, ਨਦੀਨ ਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਨੇ ਨੇ ਮਿੱਟੀ ਤੇ ਪਾਣੀ ਦੋਵਾਂ ਨੂੰ ਜ਼ਹਿਰੀਲਾ ਬਨਾਉਣ ਦੇ ਨਾਲ-ਨਾਲ ਖੇਤੀ ਨੂੰ ਜੈਵਿਕ ਤੌਰ ਤੇ ਮਾਲਾ-ਮਾਲ ਕਰਨ ਵਾਲੇ ਜ਼ਰੂਰੀ ਤੱਤਾਂ ਤੋਂ ਮਹਿਰੂਮ ਕਰ ਦਿੱਤਾ ਹੈ। ਹੁਣ ਮਿੱਟੀ ਦੀ ਤਾਸੀਰ ਪੌਸ਼ਟਿਕਤਾ ਤੋਂ ਇਸ ਕਦਰ ਵਾਂਝੀ ਹੋ ਗਈ ਹੈ ਕਿ ਬਿਨਾਂ ਰਸਾਇਣਾਂ ਦੇ ਸਹਾਰੇ ਤੋਂ ਹੁਣ ਇਹ ਆਪਣੇ ਬਲਬੂਤੇ ਕੁਝ ਵੀ ਉਪਜਾਉਣ ਜੋਗੀ ਨਹੀਂ ਰਹੀ। ਫਸਲਾਂ ਦੀਆਂ ਬੀਮਾਰੀਆਂ ’ਤੇ ਵੀ ਹੁਣ ਰਸਾਇਣ ਅਸਰ ਕਰਨੋਂ ਹੱਟ ਗਏ ਹਨ, ਜਿਸ ਕਰਕੇ ਹੋਰ ਵੀ ਮਹਿੰਗੇ ਨਵੇਂ ਕਿਸਮ ਦੇ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਹਨਾਂ ਰਸਾਇਣਾਂ ਨੇ ਕਈ ਥਾਈਂ ਭੂਮੀਗਤ ਪਾਣੀ ਸਾਲੂਣਾ ਤੇ ਜ਼ਹਿਰੀਲਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕ ਰਸਾਇਣਕ ਖੇਤੀ ਨੇ ਪਾਣੀ ਤੇ ਹਵਾ-ਦੋਵਾਂ ਦੇ ਪ੍ਰਦੂਸ਼ਣ ਕਾਰਨ ਕੈਂਸਰ ਦੀ ਬਿਮਾਰੀ ਭਿਆਨਕ ਰੂਪ ’ਚ ਪੰਜਾਬ ’ਚ ਵਧ ਰਹੀ ਹੈ।

ਕਦੇ ਅਸੀਂ ਖੁਰਾਕੀ ਤੌਰ ’ਤੇ ਸਵੈ-ਨਿਰਭਰ ਸਾਂ। ਸਬਜ਼ੀਆਂ ਖੇਤਾਂ ’ਚ ਉਗਾਉਂਦੇ ਸਾਂ। ਫਲ ਸਾਡੀ ਚੰਗੀ ਪੈਦਾਵਾਰ ਸੀ। ਅੰਬਾਂ ਦੇ ਬਾਗ ਸਾਡੀ ਵਿਰਾਸਤ ਦਾ ਹਿੱਸਾ ਸਨ। ਮੱਕੀ, ਜੌਂ, ਜਵਾਰ, ਬਾਜਰਾ, ਗੰਨਾ, ਨਰਮਾ, ਦਾਲਾਂ, ਛੋਲੇ, ਅਸੀਂ ਆਪ ਉਗਾਉਂਦੇ ਸਾਂ। ਅੱਜ ਅਸੀਂ ਮਹਿੰਗੇ ਭਾਅ ਇਹਨਾਂ ਦੀ ਖਰੀਦ ਕਰਦੇ ਹਾਂ। ਕਿਉਂਕਿ ਅਸੀਂ ਫਸਲਾਂ ’ਤੇ ਬੀਜਾਂ ਲਈ ਦੂਸਰਿਆਂ ਤੇ ਨਿਰਭਰ ਹੋ ਗਏ ਹਾਂ।

ਆਧੁਨਿਕ ਜੀਵਨ ਸ਼ੈਲੀ ਨੇ ਭਾਵੇਂ ਸਾਨੂੰ ਸਹੂਲਤਾਂ ਦਿੱਤੀਆਂ ਹਨ ਪਰ ਸਾਡੇ ਲਈ ਕਈ ਹੋਰ ਮੁਸੀਬਤਾਂ ਖੜ੍ਹੀਆਂ ਕੀਤੀਆਂ ਹਨ। ਹਵਾ ਦੀ ਪਲੀਤਗੀ ਉਹਨਾਂ ’ਚੋਂ ਇਕ ਹੈ। ਕਾਰਖਾਨਿਆਂ, ਭੱਠਿਆਂ ਅਤੇ ਬਿਜਲੀ ਇਕਾਈਆਂ ’ਚੋਂ ਨਿਕਲਦਾ ਕਾਲਾ ਧੂੰਆਂ ਹਵਾ ਪ੍ਰਦੂਸ਼ਣ ’ਚ ਜ਼ਿਆਦਾ ਯੋਗਦਾਨ ਪਾਉਂਦਾ ਹੈ। ਇਥੇ ਹੀ ਬੱਸ ਨਹੀਂ ਪੰਜਾਬ ਦੇ ਸ਼ਹਿਰ ਇੰਨਾ ਕੂੜਾ-ਕਚਰਾ ਪੈਦਾ ਕਰਦੇ ਹਨ ਕਿ ਸਾਂਭਿਆ ਨਹੀਂ ਜਾ ਰਿਹਾ। ਮੱਖੀਆਂ-ਮੱਛਰਾਂ, ਕੀੜਿਆਂ-ਮਕੌੜਿਆਂ, ਚੂਹਿਆਂ ਦੀ ਭਰਮਾਰ ਹੋ ਗਈ ਹੈ। ਪਲਾਸਟਿਕ ਦੇ ਲਿਫ਼ਾਫ਼ੇ ਤੇ ਬੋਤਲਾਂ ਉੱਤੇ ਭਾਵੇਂ ਪਾਬੰਦੀ ਹੈ, ਪਰ ਇਹਨਾਂ ਦੀ ਵਰਤੋਂ ਸ਼ਰ੍ਹੇਆਮ ਹੈ।

ਸਾਡੇ ਪੁਰਖੇ ਸਾਡੇ ਲਈ ਖ਼ੂਬਸੂਰਤ ਜ਼ਮੀਨ ਤੇ ਪਾਣੀ ਦੀ ਵਿਰਾਸਤ ਛੱਡ ਕੇ ਗਏ ਪਰ ਅਸੀਂ ਆਪਣੀ ਅਗਲੀ ਪੀੜ੍ਹੀ ਪੱਲੇ ਬਦਬੂਤਾਰ ਵਿਗੜਿਆ ਵਾਤਾਵਰਣ ਪਾ ਰਹੇ ਹਾਂ। ਸਾਡੇ ਵੱਲੋਂ ਕੀਤੀ ਜਾ ਰਹੀ ਅਜੀਬ ਜਿਹੀ ਅਲਗਰਜ਼ੀ ਸਾਡੀ ਜ਼ਿੰਦਗੀ, ਰੋਜ਼ੀ-ਰੋਟੀ ਤੇ ਮਾਂ-ਭੋਇੰ ਨੂੰ ਬਹੁਤ ਭਾਰੀ ਪੈ ਰਹੀ ਹੈ। ਇਸ ਸਭ ਕੁਝ ਦਾ ਦੋਸ਼ ਸਾਡਾ ਸਭਨਾਂ ਦਾ ਸਾਂਝਾ ਹੈ। ਸਰਕਾਰ ਤੇ ਲੋਕਾਂ ਦੀ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਪੰਜਾਬ ਦੇ ਵਾਤਾਵਰਣ ਦੇ ਵਿਗਾੜ ਦਾ ਵੱਡਾ ਕਾਰਨ ਹੈ। ਅਸੀਂ ਸਭ ਕੁਝ ਸਮਝ ਕੇ ਵੀ ਅੱਖਾਂ ਮੀਟੀ ਬੈਠੇ ਹਾਂ। ਵਿਅਕਤੀ ਅਤੇ ਸਮੂਹਿਕ ਪੱਧਰ ਦੇ ਵਾਤਾਵਰਨ ਸੁਧਾਰ ਦੇ ਯਤਨਾਂ ਦੀ ਘਾਟ ਸਾਨੂੰ ਅੱਖਰਦੀ ਹੈ।

ਸਰਕਾਰੀ ਨੀਤੀਆਂ ਤੇ ਕਾਨੂੰਨ ਸਭ ਕਾਗਜ਼ੀ ਦਿਸ ਰਹੇ ਹਨ। ਇਕੱਲੇ ਇਕਹਿਰੇ ਯਤਨ ਪੰਜਾਬਦੇ ਵਿਗੜ ਰਹੇ ਵਾਤਾਵਰਣ ਨੂੰ ਸੁਆਰ ਨਹੀਂ ਸਕਦੇ। ਕਿਸੇ ਨੇ ਕਦੇ ਸੋਚਿਆ ਹੀ ਨਹੀਂ ਹੋਏਗਾ ਕਿ ਕਦੇ ਆਪਣੀ ਚੰਗੀ ਰਹਿਤਲ ਤੇ ਪਾਣੀਆਂ ਦੇ ਨਾਂ ’ਤੇ ਜਾਣੇ ਜਾਂਦੇ ਪੰਜਾਬ ਨੂੰ ਆਹ ਦਿਨ ਵੀ ਦੇਖਣੇ ਪੈਣਗੇ। ਪਤਾ ਨਹੀਂ ਕਿਉਂ ਅਸੀਂ ਇਹ ਸਮਝ ਕਿਉਂ ਨਹੀਂ ਰਹੇ ਕਿ ਪੰਜਾਬ ਕੋਲ ਪਾਣੀ ਨੂੰ ਛੱਡ ਕੇ ਹੋਰ ਕੋਈ ਕੁਦਰਤੀ ਵਸੀਲਾ ਹੈ ਵੀ ਨਹੀਂ। ਪਾਣੀ ਹੀ ਜਾਂ ਤਾਂ ਮੁੱਕ ਰਿਹਾ ਹੈ ਜਾਂ ਜ਼ਹਿਰੀਲਾ ਹੋ ਰਿਹਾ ਹੈ ਤੇ ਜਾਂ ਇਸ ’ਤੇ ਸਿਆਸੀ ਸੰਨ ਲਾਈ ਜਾ ਰਹੀ ਹੈ। ਹਵਾ ਇਸ ਧਰਤੀ ਦੀ ਪ੍ਰਦੂਸ਼ਣੀ ਤੱਤਾਂ ਨਾਲ ਭਰੀ ਪਈ ਹੈ। ਹਰ ਸਾਲ ਪੰਜਾਬ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਪਤਾ ਨਹੀਂ ਕਿਉਂ ਫਿਰ ਵੀ ਅਸੀਂ ਇਸ ਸਥਿਤੀ ਤੋਂ ਭੈ-ਭੀਤ ਕਿਉਂ ਨਹੀਂ ਹੋ ਰਹੇ?

ਸਰਕਾਰਾਂ, ਸੰਸਥਾਵਾਂ, ਹਰ ਵਰ੍ਹੇ ਲੱਖਾਂ ਪੌਦੇ ਲਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਹਨਾਂ ’ਚੋਂ ਬਚਦੇ ਕਿੰਨੇ ਹਨ? ਜਿਸ ਢੰਗ ਨਾਲ ਪੰਜਾਬ ਤਬਾਹ ਹੋ ਰਿਹਾ ਹੈ, ਇਸ ਦਾ ਵਾਤਾਵਰਣ ਪਲੀਤ ਹੋ ਰਿਹਾ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ। ਕਿੰਨੇ ਕੁ ਯਤਨ ਪੰਜਾਬ ਨੂੰ ਹਰਿਆ-ਭਰਿਆ ਰੱਖਣ ਲਈ ਸਾਡੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਕਰਦੀਆਂ ਹਨ। ਬਿਨਾਂ ਸ਼ੱਕ ਪਾਣੀ, ਹਵਾ, ਅਵਾਜ਼ ਪ੍ਰਦੂਸ਼ਨ ਵਰਗੇ ਪ੍ਰਦੂਸ਼ਨ ਦੇ ਨਾਲ-ਨਾਲ ਮਨਾਂ ਦੇ ਪ੍ਰਦੂਸ਼ਣ ਨੂੰ ਡੱਕਾ ਲਾਉਣ ਦੀ ਲੋੜ ਹੈ। ਨਰੋਇਆ ਅਤੇ ਖੁਸ਼ਹਾਲ ਪੰਜਾਬ ਬਨਾਉਣ ਦੇ ਨਾਹਰੇ ਪੰਜਾਬ ਦਾ ਕੁਝ ਸੁਆਰ ਨਹੀਂ ਸਕਦੇ, ਸਿਆਸੀ ਇੱਛਾ ਸ਼ਕਤੀ ਨਾਲ ਨਿੱਠ ਕੇ ਕੀਤੇ ਸਮੂਹਿਕ ਯਤਨ ਉਜੜ ਰਹੇ ਪੰਜਾਬ ਦੇ ਮੁੜ ਵਸੇਬੇ ਲਈ ਸਾਰਥਿਕ ਹੋ ਸਕਦੇ ਹਨ।

● ● ●

**ਜ਼ਿੰਦਗੀ ਵਿਚ ਜਿੰਨਾ ਮਰਜ਼ੀ ਉੱਪਰ ਉੱਠ ਜਾਓ ਪਰ ਆਪਣੀ ਗਰੀਬੀ ਤੇ ਬੁਰਾ ਵਕਤ ਹਮੇਸ਼ਾ ਯਾਦ ਰੱਖੋ।**

# ਦਾਜ - ਇਕ ਲਾਹਨਤ - ਇਕ ਸਰਾਪ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
(ਸੇਵਾ ਮੁਕਤ)
**ਸੰਪਾਦਕ**
98141-28181




ਹਰ ਮਾਂ ਬਾਪ ਦੀ ਖਾਹਿਸ਼ ਹੁੰਦੀ ਹੈ ਕਿ ਉਸਦੇ ਧੀ-ਪੁੱਤ ਦੀ ਸ਼ਾਦੀ ਇਕ ਚੰਗੇ ਵਰ ਨਾਲ ਅਤੇ ਚੰਗੇ ਘਰ ਵਿਚ ਹੋਏ। ਰਿਸ਼ਤੇਦਾਰ ਇੱਜ਼ਤਦਾਰ ਹੋਣ। ਨਵਾਂ ਵਰ ਸੂਝ-ਬੂਝ ਵਾਲਾ, ਪੜ੍ਹਿਆ-ਲਿਖਿਆ ਤੇ ਨਵੇਂ ਸਾਥੀ ਦੀਆਂ ਸਭ ਤਰ੍ਹਾਂ ਦੀਆਂ ਰੀਝਾਂ ਪੂਰੀਆਂ ਕਰਨ ਦੇ ਕਾਬਲ ਹੋਵੇ। ਇਕ ਸੁਘੜ ਸਿਆਣੀ, ਪੜ੍ਹੀ-ਲਿਖੀ ਲੜਕੀ ਦਾ ਬਾਪ ਜਦ ਸਮਾਜ ਵਿਚ ਉਸ ਲਈ ਰਿਸ਼ਤਾ ਲੱਭਣ ਤੁਰਦਾ ਹੈ ਤਾਂ ਉਸ ਲੜਕੀ ਦੀ ਕਾਬਲੀਅਤ ਦੀ ਬਜਾਏ ਉਹ ਨਾਲ ਦਾਜ ਦਹੇਜ ਕਿੰਨਾ ਲੈ ਕੇ ਆਵੇਗੀ? ਦੇ ਅਧਾਰ ਤੇ ਹੀ ਉਸ ਨੂੰ ਆਮ ਘਰਾਂ ਤੋਂ ਲੈ ਕੇ ਚੰਗੇ ਪੜ੍ਹੇ-ਲਿਖੇ ਤੇ ਸਮਾਜ ਵਿਚ ਆਪਣਾ ਚੰਗਾ ਸਥਾਨ ਰੱਖਣ ਵਾਲੇ ਘਰਾਂ ਦੇ ਅਤੇ ਘੱਟ ਪੜ੍ਹੇ-ਲਿਖੇ ਤੋਂ ਉਚ ਵਿੱਦਿਆ ਪ੍ਰਾਪਤ ਤੱਕ ਦੇ ਕਾਕਿਆਂ ਦੇ ਘਰਾਂ ਤੋਂ ਮਿਲੇ ਸਿਰ.ਫ ਤੇ ਸਿਰ.ਫ ਇਸੇ ਸਵਾਲ ਦਾ ਸਾਹਮਣਾ ਕਰਨਾ ਪੈਂਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਕਾਨੂੰਨੀ ਤੌਰ ਤੇ ਮਨਾ ਹੋਏ ਇਸ ਸਵਾਲ ਅਧੀਨ ਦਾਜ ਦੀ ਮੰਗ ਅੱਜ ਲੁਬਾਣਾ ਬਰਾਦਰੀ ਵਿਚ ਸਿਰ.ਫ ਸ਼ਰੇਆਮ ਕੀਤੀ ਹੀ ਨਹੀਂ ਜਾਂਦੀ ਸਗੋਂ ਲੜਕੀ ਵਾਲੇ ਨੂੰ ਮਜਬੂਰ ਕਰਕੇ ਪੂਰੀ ਵੀ ਕਰਵਾਈ ਜਾਂਦੀ ਹੈ। ਕਾਨੂੰਨ, ਸਮਾਜ ਤੇ ਸਮਾਜ ਦੇ ਠੇਕੇਦਾਰ ਇਸ ਨੂੰ ਆਮ ਵਰਤਾਰਾ ਸਮਝ ਕੇ ਹੀ ਅੱਖਾਂ ਮੀਟੀ ਬੈਠੇ ਹਨ। ਨਤੀਜਾ ਲੜਕੀ ਦੇ ਜਨਮ ਦਾ ਸੁਣ ਕੇ ਸਾਰੇ ਪਰਿਵਾਰ ਦਾ ਸੋਗ ਵਿਚ ਡੁੱਬ ਜਾਣਾ, ਲੜਕੀ ਦੀ ਪਾਲਣਾ ਪੋਸ਼ਣਾ ਵਿਚ ਪੁੱਤਰਾਂ ਨਾਲੋਂ ਫਰਕ ਰੱਖਣਾ ਤੇ ਅਖੀਰ ਉਸ ਦੇ ਦਾਜ ਦਹੇਜ ਲਈ ਹੀ ਪੈਸਾ ਇਕੱਠਾ ਕਰਦੇ ਕਰਦੇ ਰੋਟੀ ਦੇ ਵੀ ਫਾਕੇ ਕੱਟ ਕੱਟ ਕੇ ਸਮਾਂ ਲੰਘਾਉਣਾ, ਵਿਆਹ ਵਾਲੇ ਦਿਨ ਵੀ ਪਤਾ ਨਹੀਂ ਲੜਕੇ ਵਾਲਿਆਂ ਨੇ ਕੀ ਕਹਿ ਦੇਣਾ ਜਾਂ ਮੰਗ ਲੈਣਾ ਦਾ ਫਿਕਰਮੰਦ ਨੂੰ ਕੰਬਣੀ ਛੇੜਦਾ ਰਹਿਣਾ। ਤੇ ਫਿਰ ਸ਼ਾਦੀ ਤੋਂ ਦੋ ਮਹੀਨੇ ਬਾਦ ਲੜਕੀ ਨੇ ਰੋ-ਰੋ ਕੇ ਮਾਪਿਆਂ ਨੂੰ ਦੱਸਣਾ ਕਿ ਜਿੰਨਾ ਦਿੱਤਾ ਹੈ ਉਸ ਤੋਂ ਵੀ ਉਹ ਖੁਸ਼ ਨਹੀਂ। ਇਹ ਸਾਰਾ ਵਰਤਾਰਾ ਹਰ ਧੀ ਵਾਲੇ ਨੂੰ ਕੰਬਣੀ ਛੇੜ ਦਿੰਦਾ ਹੈ। ਪਿਤਰੀ ਪਰਿਵਾਰ ਦੀ ਆਰਥਿਕ ਹਾਲਤ ਘਰ ਦੀ ਧੀ ਨਾਲੋਂ ਜ਼ਿਆਦਾ ਕਿਸੇ ਨੂੰ ਪਤਾ ਨਹੀਂ ਹੁੰਦੀ। ਇਸੇ ਲਈ ਪਿਤਾ ਦਾ ਲੱਥਿਆ ਤੇ ਘਬਰਾਇਆ ਚਿਹਰਾ ਵੇਖਣ ਦੀ ਉਸ ਵਿਚ ਹਿੰਮਤ ਨਾ ਹੋਣ ਤੇ ਸਹੁਰੇ ਘਰ ਹੀ ਕੁੱਟ ਮਾਰ ਖਾ-ਖਾ ਕੇ ਆਖੀਰ ਦਮ ਤੋੜ ਦੇਣਾ, ਅੱਜ ਇਹ ਵਰਤਾਰਾ ਆਮ ਹੋ ਗਿਆ ਹੈ।

ਬੜਾ ਦੁੱਖ ਤੇ ਸ਼ਰਮਿੰਦਗੀ ਹੋਈ ਜਦੋਂ ਇਹ ਪੜ੍ਹਿਆ ਕਿ ਜ਼ਿਲ੍ਹਾ ਕਪੂਰਥਲਾ ਦੇ ਸੈਸ਼ਨ ਜੱਜ ਸ੍ਰੀ ਬੀ.ਪੀ. ਬੰਗੜ ਨੇ ਇਕ ਸੈਮੀਨਾਰ ਵਿਚ ਦੱਸਿਆ ਕਿ ਦੇਸ਼ ਵਿਚ ਸਭ ਤੋਂ ਵੱਧ ਦਾਜ ਦਹੇਜ ਨਾਲ ਸੰਬੰਧਤ ਮੁਕੱਦਮੇ ਸਿਰ.ਫ ਜ਼ਿਲ੍ਹਾ ਕਪੂਰਥਲਾ ਦੀ ਭੁਲੱਥ ਤਹਿਸੀਲ ਨਾਲ ਹੀ ਸੰਬੰਧਤ ਹਨ। ਬਰਾਦਰੀ ਦੀ ਸਭ ਤੋਂ ਵੱਧ ਵਸੋਂ ਭੁਲੱਥ ਤਹਿਸੀਲ ਵਿਚ ਹੈ। ਜੇਕਰ ਸ੍ਰੀ ਬੰਗੜ ਦੀ ਰਿਪੋਰਟ ਤੇ ਅਧਾਰਤ ਮੁਕੱਦਮਿਆਂ ਵਿਚ ਸ਼ਾਮਲ ਬਰਾਦਰੀ ਵੇਖੀ ਜਾਵੇ

ਤਾਂ ਅਵੱਸ਼ ਹੀ ਇਹ ਲਾਹਨਤ ਮੇਰੀ ਆਪਣੀ ਲੁਬਾਣਾ ਬਰਾਦਰੀ ਦੇ ਹਿੱਸੇ ਆਈ ਹੋਵੇਗੀ।

ਸ਼ਾਦੀ ਵੇਲੇ ਘਰ ਦੀਆਂ ਜ਼ਰੂਰੀ ਵਸਤਾਂ ਨੂੰ ਲੜਕੀ ਨੂੰ ਤੋਹਫ਼ੇ ਵਿਚ ਦੇਣ ਦੇ ਪੁਰਾਣੇ ਰਿਵਾਜ਼ ਨੂੰ ਹੀ ਵਧਾ ਕੇ ਅੱਜ ਅਸੀਂ ਦਾਜ ਦੇ ਦੈਂਤੀ ਰੂਪ ਵਿਚ ਬਦਲ ਲਿਆ ਹੈ। ਪਹਿਲੇ ਸਮਿਆਂ ਵਿਚ ਜਦ ਬਰਾਦਰੀ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਕੱਚੇ ਕੋਠਿਆਂ ਵਿਚ ਖੇਤੀ ਪ੍ਰਧਾਨ ਬਰਾਦਰੀ ਰਹਿੰਦੀ ਸੀ। ਪੇਕੇ ਸਹੁਰੇ ਸਾਰੇ ਹੀ ਆਰਥਿਕ ਤੰਗੀ ਦਾ ਸ਼ਿਕਾਰ ਸਨ। ਲੜਕੀ ਪਰਿਵਾਰ ਵੱਲੋਂ ਸਾਕ-ਸੰਬੰਧੀਆਂ ਨਾਲ ਰਲ ਕੇ ਲੜਕੀ ਨੂੰ ਬਹੁਤ ਥੋੜ੍ਹੀਆਂ ਘਰ ਦੀਆਂ ਜ਼ਰੂਰੀ ਵਸਤਾਂ ਤੋਹਫ਼ੇ ਦੇ ਤੌਰ 'ਤੇ ਦਿੱਤੀਆਂ ਜਾਂਦੀਆਂ ਸਨ। ਜਿਸ ਵਿਚ ਜਵਾਨ ਹੋ ਰਹੀ ਧੀ ਦੇ ਮਾਪਿਆਂ ਵੱਲੋਂ ਉਸ ਨੂੰ ਸਹੁਰੇ ਘਰ ਵਿਚ ਜਾ ਕੇ ਇਕ ਸਫ਼ਲ ਤ੍ਰੀਮਤ ਬਨਣ ਵਿਚ ਸਹਾਈ ਹੋਣ ਲਈ ਮੁਢਲੇ ਨੁਕਤੇ ਸਿਖਾਏ ਜਾਂਦੇ। ਉਸ ਲਈ ਜ਼ਰੂਰੀ ਚੁੱਲ੍ਹੇ ਚੌਂਕੇ ਦੇ ਸਮਾਨ ਦੇ ਨਾਲ-ਨਾਲ ਉਸ ਦੁਆਰਾ ਖੁਦ ਬੁਣੀਆਂ ਦਰੀਆਂ ਖੇਸ, ਫੁਲਕਾਰੀਆਂ ਚਾਦਰਾਂ, ਖੁਦ ਬੁਣੇ ਸਵੈਟਰ, ਹੱਥ ਨਾਲ ਬਣਾਏ ਚੰਗੇਰਾ, ਛਿੱਕੂ, ਡੱਲਾਂ ਜਿਸ ਵਿਚੋਂ ਉਸ ਦੀ ਅਕਲ ਅਤੇ ਹੁਨਰ ਚਮਕਦਾ ਸੀ ਦੇਣ ਦਾ ਰਿਵਾਜ਼ ਸੀ। ਆਪਣੇ ਹੱਥ ਨਾਲ ਬਣਆਇਆ ਜਿੰਨਾਂ ਚੰਗਾ ਸਮਾਨ ਲੜਕੀ ਲੈ ਕੇ ਆਉਂਦੀ ਸੀ, ਉਸ ਦੀ ਅਕਲ ਸਿਆਣਪ ਅਤੇ ਮਾਨਸਿਕ ਪੱਧਰ ਦਾ ਅੰਦਾਜ਼ਾ ਝੱਟ ਲਗਾ ਲਿਆ ਜਾਂਦਾ ਸੀ। ਸਾਰੇ ਪਿੰਡ ਦੀਆਂ ਜਵਾਨ ਕੁੜੀਆਂ, ਦਰੀਆਂ, ਖੇਸਾਂ ਅਤੇ ਚਾਦਰਾਂ ਦੇ ਕਢਾਈ ਦੇ ਨਮੂਨੇ ਤੇ ਮਿਹਨਤ ਦੇ ਪੱਧਰ ਤੋਂ ਅੰਦਾਜ਼ਾ ਲਗਾਉਂਦੀਆਂ ਸਨ ਕਿ ਨਵ-ਵਿਆਹੀ ਆਈ ਕਿੰਨੀ ਕੁ ਸਿਆਣੀ ਹੈ।

ਤੇ ਫਿਰ ਉਹ ਨਵੇਂ ਨਮੂਨੇ ਉਸ ਪਿੰਡ ਦੀਆਂ ਕੁੜੀਆਂ ਨੂੰ ਆਪ ਬਣਾ ਕੇ ਅੱਗੇ ਸਹੁਰੀਂ ਘਰ ਲੈ ਕੇ ਜਾਣ ਦਾ ਚਾਅ ਚੜ੍ਹ ਜਾਂਦਾ ਸੀ। ਨਵੇਂ ਨਮੂਨੇ ਦੀ ਕਢਾਈ ਨੂੰ ਗਹਿਣੇ ਜਿੰਨਾ ਪਿਆਰ ਕੀਤਾ ਜਾਂਦਾ ਸੀ। ਅੱਜ ਬਜ਼ਾਰੀਂ ਯੁੱਗ ਹੈ। ਅਸੀਂ ਇਨ੍ਹਾਂ ਰਿਵਾਜ਼ਾਂ ਨੂੰ ਵਿਗਾੜ ਵਿਗਾੜ ਕੇ ਕਿਥੇ ਲਿਆ ਕੇ ਖੜ੍ਹਾ ਕਰ ਲਿਆ ਹੈ। ਧੀਆਂ ਨੂੰ ਸਹੁਰੀਂ ਜਾ ਕੇ ਸਫਲ ਤ੍ਰੀਮਤ ਬਨਣ ਦੀਆਂ ਅਕਲਾਂ ਦੇਣ ਦੀ ਬਜਾਏ ਸਿਰਫ਼ ਦਾਜ ਦੇ ਅੰਬਾਰ ਨਾਲ ਹੀ ਸਹੁਰਿਆਂ ਤੇ ਰੋਹਬ ਪਾ ਕੇ ਵੱਸਣ ਦੀ ਅਕਲ ਨਾਲ ਧੀਆਂ ਨੂੰ ਜਿੱਥੇ ਵਿਗਾੜ ਰਹੇ ਹਾਂ, ਉਥੇ ਦਾਜ ਦੇ ਲਾਲਚੀ ਲੋਕਾਂ ਨੂੰ ਹੋਰ ਮੰਗਾਂ ਲਈ ਖੁਦ ਉਕਸਾ ਰਹੇ ਹਾਂ। ਲੜਕੀ ਵਾਲੇ ਕਹਿੰਦੇ ਹਨ ਜੇਕਰ ਨਹੀਂ ਦੇਂਦੇ ਤਾਂ ਧੀ ਦਾ ਵਸੇਬਾ ਚੱਜ ਨਾਲ ਨਹੀਂ ਹੋਣਾ। ਸਹੁਰੇ ਪਰਿਵਾਰ ਨੂੰ ਅਜੇ ਵੀ ਲੜਕੀ ਦੇ ਪੇਕਾ ਪਰਿਵਾਰ ਦੀ ਹੋਰ ਦੇਣ ਦੀ ਸਮਰੱਥਾ ਜਾਂ ਹੋਰ ਲੈਣ ਦੇ ਲਾਲਚ ਵੱਸ, ਵੱਧ ਮੰਗੀ ਜਾਣ ਦੀ ਲਾਲਸਾ ਨਾਲ ਇਹ ਪਵਿੱਤਰ ਰਿਸ਼ਤੇ ਵਿਗੜਣ ਅਤੇ ਘਰ ਤੋਂ ਬਾਹਰ ਪਰੇ ਪੰਚਾਇਤਾਂ, ਅਦਾਲਤਾਂ, ਕਚਹਿਰੀਆਂ ਤੱਕ ਪਹੁੰਚ ਕੇ ਟੁੱਟਣ ਤੱਕ ਅੱਪੜ ਜਾਂਦੇ ਨੇ। ਤ੍ਰਾਸਦੀ ਇਹ ਹੈ ਕਿ ਅਜਿਹੇ ਦਾਜ ਲੋਭੀਆਂ ਵੱਲੋਂ ਜਦੋਂ ਇਕ ਪਰਿਵਾਰ ਦੀ ਲੜਕੀ ਨੂੰ ਘਰੋਂ ਕੱਢਿਆ ਜਾਂਦਾ ਹੈ ਤਾਂ ਚਾਰ ਹੋਰ ਆਪਣੀਆਂ ਧੀਆਂ ਦਾ ਰਿਸ਼ਤਾ ਲੈ ਕੇ ਪਹੁੰਚ ਜਾਂਦੇ ਨੇ। ਜ਼ਰਾ ਸੋਚੋ, ਆਪਣੀ ਅਕਲ ਤੋਂ ਪਰਦਾ ਲਾਹ ਕੇ ਸੋਚੋ ਅੱਜ ਦੇ ਜ਼ਮਾਨੇ ਵਿਚ ਜਦੋਂ ਰਿਸ਼ਤਾ ਕਰਨ ਤੋਂ ਪਹਿਲਾਂ ਸਭ ਕੁਝ ਠੋਕ ਵਜਾ ਕੇ, ਲੜਕੀ ਨੂੰ, ਪਰਿਵਾਰ ਨੂੰ, ਦੇਖ ਭਾਲ ਕੇ ਰਿਸ਼ਤਾ ਕੀਤਾ ਜਾਂਦਾ ਹੈ ਤਾਂ ਸ਼ਾਦੀ ਤੋਂ ਬਾਅਦ ਅਗਲੇ ਛੇ ਮਹੀਨੇ ਦੇ ਅੰਦਰ-ਅੰਦਰ ਕੀ ਨੁਕਸ ਅਚਾਨਕ ਲੱਭ ਜਾਂਦਾ ਹੈ ਕਿ ਲੜਕੀ ਨੂੰ ਛੱਡਣ ਤੱਕ ਦੀ ਨੌਬਤ ਆ ਜਾਂਦੀ ਹੈ।

ਇਸ ਦਾ ਸਿਰਫ਼ ਇਕ ਤੇ ਇਕ ਹੀ ਕਾਰਨ ਇਨ੍ਹਾਂ ਲੋਭੀ ਲਾਲਚੀ ਲੋਕਾਂ ਦੀ ਦਾਜ ਦਹੇਜ ਦੀ ਭੁੱਖ ਪੂਰੀ ਨਹੀਂ ਹੋਈ ਹੁੰਦੀ। ਜਿੰਨਾ ਦਾਜ, ਸੋਨਾ, ਕਾਰਾਂ, ਸਮਾਨ ਇਨ੍ਹਾਂ ਸੋਚਿਆ ਸੀ ਉਸ ਵਿਚ ਜ਼ਰੂਰ ਕੋਈ ਬਹੁਤ ਥੋੜ੍ਹੀ ਜਿਹੀ ਕਮੀ ਰਹਿ ਗਈ ਹੋਵੇਗੀ, ਜਿਸ ਕਾਰਨ ਇਨ੍ਹਾਂ ਨੂੰ ਵਿਆਹ ਕੇ ਲਿਆਂਦੀ ਭੋਲੀ ਭਾਲੀ ਉਸ ਲੜਕੀ ਵਿਚ ਹਜ਼ਾਰਾਂ ਦੋਸ਼ ਦਿੱਸਣ ਲੱਗ ਪੈਂਦੇ ਨੇ। ਮਾਮਲਾ ਸ਼ਿਕਵੇ ਸ਼ਿਕਾਇਤਾਂ ਤੋਂ ਕੁੱਟਮਾਰ ਤੇ ਘਰੋਂ ਕੱਢ ਦੇਣ ਤੱਕ ਅੱਪੜ ਜਾਂਦਾ ਏ। ਤੇ ਇਕ ਹੋਰ ਅਗਲਾ ਪਰਿਵਾਰ ਉਥੇ ਆਪਣੀ ਲੜਕੀ ਨੂੰ ਉਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨ ਲਈ ਉਸ ਭੱਠੀ ਦੀ ਅੱਗ ਵਿਚ ਝੋਂਕਣ ਲਈ ਤਿਆਰ ਹੋ ਜਾਂਦਾ ਏ। ਦਿਲ ਨੂੰ ਸਮਝਾਉਣ ਲਈ ਕਹਿ ਦਿੰਦੇ ਨੇ ਵਿਚੋਲਣ ਕਹਿੰਦੀ ਏ ਪਹਿਲੀ ਕੁੜੀ ਦਾ ਦਿਮਾਗ਼ ਠੀਕ ਨਹੀਂ ਸੀ ਜਾਂ ਚਰਿੱਤਰ ਠੀਕ ਨਹੀਂ ਸੀ। ਸੋਚੋ ਜੇਕਰ ਅਗਲੇ ਛੇ ਮਹੀਨੇ ਬਾਅਦ ਤੁਹਾਡੀ ਧੀ ਦੇ ਸਿਰ ਇਹੋ ਇਲਜਾਮ ਲੱਗ ਜਾਏ ਤਾਂ ਕਿੱਥੇ ਖਲੋਵੋਗੇ?

ਅਜਿਹੇ ਲੋਕਾਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ ਅਤੇ ਬਰਾਦਰੀ ਵਿਚ ਕਿਸੇ ਦੀ ਧੀ ਨੂੰ ਛੱਡਣ ਵਾਲੇ ਘਰ ਭਾਵੇਂ ਉਹ ਕਿਸੇ ਕਾਰਨ ਵੀ ਛੱਡੀ ਹੋਏ ਕਦੀ ਵੀ ਕਿਸੇ ਹੋਰ ਸੱਜਣ ਨੂੰ ਆਪਣੀ ਧੀ ਦਾ ਰਿਸ਼ਤਾ ਨਹੀਂ ਦੇਣਾ ਚਾਹੀਦਾ। ਆਪਣੇ ਤੋਂ ਛੋਟੇ ਪਰ ਇੱਜ਼ਤਦਾਰ ਪਰਿਵਾਰ ਦੇ ਘਰ ਰਿਸ਼ਤਾ ਕਰ ਲਵੋ ਸਾਰੀ ਉਮਰ ਤੁਹਾਡੀ ਧੀ ਤੁਹਾਨੂੰ ਅਸੀਸਾਂ ਦੇਵੇਗੀ। ਸੁਖੀ ਰਹੋਗੇ। ਧੀ ਛੱਡੀ ਗਈ, ਧੀ ਨੂੰ ਸਾੜ ਦਿੱਤਾ ਜਾਂ ਧੀ ਨੇ ਆਤਮ-ਹੱਤਿਆ ਕਰ ਲਈ ਵਰਗੀ ਖ਼ਬਰ ਤੁਹਾਡੇ ਘਰ ਕਦੀ ਨਹੀਂ ਆਵੇਗੀ।

ਹੁਣ ਸੋਚਣ ਵਾਲੀ ਗੱਲ ਹੈ ਕਿ ਇਸ ਬੀਮਾਰੀ ਨੂੰ ਮਗਰੋਂ ਕਿੱਦਾ ਲਾਹਿਆ ਜਾਵੇ। ਬਰਾਦਰੀ ਦੀ ਵਿਸ਼ੇ ਤੇ ਵਿਗੜ ਚੁੱਕੀ ਮਾਨਸਿਕਤਾ ਨੂੰ ਬਦਲਿਆ ਕਿਵੇਂ ਜਾਵੇ? ਜਦ ਤੱਕ ਇਹ ਮਾਨਸਿਕਤਾ ਨਹੀਂ ਬਣਾਈ ਜਾਂਦੀ, ਚੰਗੇ ਨਤੀਜੇ ਨਹੀਂ ਮਿਲ ਸਕਦੇ। ਇਸ ਵਿਸ਼ੇ ਤੇ ਬਰਾਦਰੀ ਦੇ ਇਕੱਠ ਵਿਚ ਇਕ ਖਾਂਦੇ-ਪੀਂਦੇ ਤੇ ਇੱਜ਼ਤਦਾਰ ਸੱਜਣ ਨੇ ਕਿਹਾ ਕਿ ਅਸੀਂ ਹੁਣ ਅਮੀਰ ਹੋ ਗਏ ਹਾਂ, ਦਾਜ ਦੇਣ ਦੀ ਸਾਡੇ ਲੋਕਾਂ ਵਿਚ ਸਮਰੱਥਾ ਹੈ ਇਸ ਲਈ ਇਸ ਨੂੰ ਹੁਣ ਰੋਕਿਆ ਨਹੀਂ ਜਾ ਸਕਦਾ। ਸੁਣ ਕੇ ਬੜਾ ਦੁੱਖ ਹੋਇਆ। ਭੁੱਖਾ ਜਾਂ ਜ਼ਰੂਰਤਮੰਦ ਇਸ ਲਈ ਤਾਂ ਮੰਗੇ ਕਿ ਉਸ ਪਾਸ ਆਪਣੇ ਘਰ ਕੁਝ ਵੀ ਨਹੀਂ ਹੈ। ਅਮੀਰ ਹੋ ਚੁੱਕਾ ਇਸ ਲਈ ਲੈ ਲਵੇ ਜਾਂ ਮੰਗ ਲਵੇ ਕਿ ਦੇਣ ਵਾਲੇ ਦੀ ਸਮਰੱਥਾ ਦੇਣ ਦੀ ਹੈ, ਤਾਂ ਇਹ ਅਮੀਰੀ ਕਿਹੜੇ ਕੰਮ ਦੀ? ਇਹੋ ਜਿਹੇ ਝੂਠੇ, ਫੁਕਰੇ ਤੇ ਲਾਲਚੀ ਅਮੀਰਾਂ ਤੋਂ ਫਿਰ ਰੱਬ ਹੀ ਬਚਾਵੇ। ਆਪਣੇ ਆਪ ਨੂੰ ਅਮੀਰ ਵੀ ਕਹੀ ਜਾਣਾ ਤੇ ਮੂੰਹ ਅੱਡ ਕੇ ਲੜਕੀ ਵਾਲੇ ਤੋਂ ਵੱਧ ਤੋਂ ਵੱਧ ਦਾਜ ਵੀ ਮੰਗ ਲੈਣਾ। ਅੱਗ ਲਗ ਜਾਵੇ ਇਹੋ ਜਿਹੀ ਅਮੀਰੀ ਨੂੰ। ਜੇ ਅਮੀਰੀ ਮਿਲੀ ਹੈ ਤਾਂ ਬਾਂਹ ਚੁੱਕ ਕੇ ਵੰਗਾਰ ਕੇ ਬਰਾਦਰੀ ਵਿਚ ਕਹੋ ਮੈਂ ਆਪਣੇ ਖ਼ਾਨਦਾਨ ਦੀ ਅਗਲੀ ਪੀੜ੍ਹੀ ਤੋਂ ਬਨਣ ਵਾਲੀ ਮਾਲਕਣ, ਆਪਣੇ ਘਰ ਦੀ ਇੱਜ਼ਤ, ਆਪਣੇ ਘਰ ਦੀ ਰਾਮੀ ਨੂੰ ਬਿਨ੍ਹਾਂ ਦਾਜ ਦਹੇਜ ਤੇ ਖ਼ੁਸ਼ੀਆਂ ਨਾਲ ਆਪਣੇ ਘਰ ਲੈ ਕੇ ਆਵਾਂਗਾ। ਜੋ ਮੇਰੇ ਘਰ ਅੱਜ ਹੈ ਇਹ ਉਸੇ ਦਾ ਹੀ ਤਾਂ ਹੈ। ਦੇਖੋ ਫਿਰ ਉਹ ਲੜਕੀ ਤੁਹਾਡੀ ਤੇ ਤੁਹਾਡੇ ਪਰਿਵਾਰ ਦੀ ਕਿੰਨੀ ਇੱਜ਼ਤ ਕਰਦੀ ਹੈ। ਤੁਹਾਡੇ ਪਰਿਵਾਰ ਖ਼ਾਨਦਾਨ ਨੂੰ ਉਚਾਈਆਂ ਤੇ ਪਹੁੰਚਾਉਣ ਲਈ ਨਿੱਤ ਵਾਹਿਗੁਰੂ ਅੱਗੇ ਅਰਦਾਸਾਂ ਕਰਦੀ ਹੈ। ਘਰ ਵਿਚ ਇਹੋ ਜਿਹੇ ਫੈਸਲੇ ਲੈ ਸਕਣ ਦੇ ਸਮਰੱਥ ਵੱਡਿਆਂ ਦਾ ਰੱਬ ਜਿਨ੍ਹਾਂ ਸਤਿਕਾਰ ਕਰਦੀ ਹੈ। ਇਹੋ ਜਿਹੇ ਘਰ ਤੋਂ ਕਲੇਸ਼, ਲੜਾਈ, ਝਗੜੇ ਕਿਨਾਰਾ ਕਰਕੇ

ਅੱਗੇ ਨਿਕਲ ਜਾਂਦੇ ਨੇ।

ਜ਼ਰਾ ਸੋਚੋ! ਦਾਜ ਦਹੇਜ ਨਾ ਲੈਣ-ਦੇਣ ਦੇ ਫੈਸਲੇ ਨਾਲ ਸਾਨੂੰ ਕਿੰਨਾ ਕੁ ਫਰਕ ਪੈਣ ਵਾਲਾ ਹੈ। ਗੱਲ ਸਿਰਫ਼ ਹਿਸਾਬ ਕਿਤਾਬ ਲਗਾ ਕੇ ਸੋਚਣ ਦੀ ਹੈ। ਅੱਜ ਜਿਸ ਪਰਿਵਾਰ ਵਿਚ ਇਕ ਲੜਕੀ ਤੇ ਇਕ ਲੜਕਾ ਹੈ, ਜੇਕਰ ਲੜਕੀ ਦੀ ਸ਼ਾਦੀ ਵਿਚ ਉਸ ਪਰਿਵਾਰ ਨੂੰ ਆਪਣੇ ਵਸੀਲਿਆਂ ਤੋਂ ਵੱਧ ਦਾਜ ਦੇਣਾ ਪੈ ਗਿਆ, ਘਰ ਦੀ ਆਰਥਿਕ ਹਾਲਤ ਡਗਮਗਾ ਗਈ ਤਾਂ ਉਹ ਸੱਜਣ ਲੜਕੇ ਦੀ ਸ਼ਾਦੀ ਵੇਲੇ ਉਸ ਨੁਕਸਾਨ ਦੀ ਭਰਭਾਈ ਬਾਰੇ ਜ਼ਰੂਰ ਸੋਚੇਗਾ। ਜ਼ਰੂਰ ਚਾਹੇਗਾ ਕਿ ਉਸ ਦੇ ਲੜਕੇ ਦੀ ਸ਼ਾਦੀ ਵਿਚ ਉਸ ਨੂੰ ਵੀ ਬਹੁਤ ਸਾਰਾ ਦਾਜ ਦਹੇਜ ਮਿਲੇ। ਇਸ ਵਰਤਾਰੇ ਦਾ ਫਿਰ ਕੋਈ ਅੰਤ ਨਹੀਂ ਹੋਵੇਗਾ ਜੋ ਦੇਵੇਗਾ ਉਹ ਮੰਗੇਗਾ ਵੀ। ਇਕ ਵਾਰ ਆਪਣਾ ਖਾਲੀ ਕੀਤਾ ਤੇ ਫਿਰ ਮੰਗ ਕੇ ਭਰ ਲਿਆ। ਨਾ ਦਿਓ ਤੇ ਨਾ ਲਵੋ, ਆਪਣਾ ਘਰ ਆਪਣੇ ਘਰ ਹੀ ਰੱਖੋ ਇਕ ਵਧੀਆ ਇਲਾਜ ਨਹੀਂ ਹੈ? ਖਾਲੀ ਘਰ ਨੂੰ ਨੂੰਹ ਦੇ ਦਾਜ ਨਾਲ ਭਰਨ ਨਾਲੋਂ ਜੇਕਰ ਪਹਿਲਾਂ ਖਾਲੀ ਹੀ ਨਾ ਕੀਤਾ ਜਾਵੇ। ਹਰ ਸੱਜਣ ਆਪਣੀ ਧੀ ਨੂੰ ਦੇਣ ਵਾਲੇ ਦਾਜ ਨੂੰ ਆਪਣੇ ਘਰ ਆਪਣੀ ਨੂੰਹ ਲਈ ਹੀ ਰੱਖੇ। ਨਾ ਦੇਵੋ ਨਾ ਲਵੋ। ਨਾ ਬਦਨਾਮੀ ਦਾ ਟਿੱਕਾ, ਨਾ ਘਰ ਵਿਚ ਲੜਾਈ-ਝਗੜਾ, ਨਾ ਪਰੇ ਪੰਚਾਇਤ ਤੇ ਨਾ ਕੋਰਟ ਕਚਹਿਰੀਆਂ। ਇੱਜ਼ਤ ਹੀ ਇੱਜ਼ਤ। ਧੀ ਨੂੰ ਦਾਜ ਨਾ ਦੇਵੋ, ਨਾ ਕਿਸੇ ਤੋਂ ਲਵੋ ਇਹ ਦਾਜ ਆਪਣੀ ਨੂੰਹ ਲਈ ਆਪਣੇ ਘਰ ਹੀ ਰੱਖੋ।

ਹੁਣ ਇਸ ਇਲਾਜ ਨੂੰ ਲੋਕਾਂ ਵਿਚ ਪਹੁੰਚਾਉਣ ਅਤੇ ਪੂਰੀ ਬਰਾਦਰੀ ਨੂੰ ਇਸ ਲਈ ਕਾਇਲ ਕਰਨ ਦੀ ਲੋੜ ਹੈ। ਲੋੜ ਹੈ ਇਸ ਕੰਮ ਲਈ ਲੋਕਾਂ ਦੀ ਮਾਨਸਿਕਤਾ ਬਦਲਣ ਦੀ। ਇਸ ਕੰਮ ਲਈ ਯੋਗ ਅਗਵਾਈ ਦੀ ਲੋੜ ਹੈ। ਰਲਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ। ਬਰਾਦਰੀ ਵਿਚ ਵਿਚਰ ਰਹੀਆਂ ਹਰ ਤਰ੍ਹਾਂ ਦੀਆਂ ਸੰਸਥਾਵਾਂ ਇਸ ਵਿਚ ਉਸਾਰੂ ਹਿੱਸਾ ਪਾ ਸਕਦੀਆਂ ਹਨ।

ਮੈਂ ਸੁਝਾਅ ਦਿੱਤਾ ਸੀ ਕਿ ਬੀਮਾਰੀ ਲਾ-ਇਲਾਜ ਦੀ ਹੱਦ ਤੱਕ ਅੱਪੜ ਗਈ ਹੈ। ਕੰਨਾਂ ਤੱਕ ਗਰਕ ਹੋ ਗਏ ਲਾਲਚੀ ਲੋਕਾਂ ਨੂੰ ਬਾਹਰ ਕੱਢਣ ਲਈ ਫਾਊਂਡੇਸ਼ਨ ਨੂੰ ਪੜਾਅ ਵਾਰ ਕਦਮ ਚੁੱਕਣੇ ਚਾਹੀਦੇ ਹਨ। ਸਿੱਧਾ ਹੀ ਇਨ੍ਹਾਂ ਲੋਕਾਂ ਨੂੰ ਦਾਜ ਦਹੇਜ ਬੰਦ ਕਰਨ ਬਾਰੇ ਸਖ਼ਤੀ ਨਾਲ ਕਹੋਗੇ ਤਾਂ ਨਤੀਜੇ ਬਹੁਤ ਸਾਰਥਿਕ ਨਹੀਂ ਨਿਕਲਣੇ। ਮੈਂ ਸੁਝਾਅ ਦਿੱਤਾ ਸੀ ਕਿ ਪਹਿਲਾਂ ਇਨ੍ਹਾਂ ਦੇ ਵਿਹਾਰ ਵਿਚ ਤਬਦੀਲੀ ਕਰਨ ਵਾਲੇ ਕਦਮ ਉਠਾਏ ਜਾਣ ਤੇ ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਾਉਣ ਲਈ ਪਿੰਡ ਦੀਆਂ ਪੰਚਾਇਤਾਂ, ਸਮਾਜ ਸੇਵੀ ਸੰਸਥਾਵਾਂ, ਨੌਜਵਾਨ ਅਤੇ ਖੇਡ ਕਲੱਬਾਂ, ਕਾਲਜ ਅਤੇ ਦੱਸਵੀਂ ਤੋਂ ਉਪਰ ਪੜ੍ਹਦੇ ਨੌਜਵਾਨ ਬੱਚਿਆਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।

ਸੁਝਾਅ ਦਿੱਤਾ ਸੀ ਕਿ ਵੱਡਾ ਸੰਘਰਸ਼ ਸ਼ੁਰੂ ਕਰਨ ਤੋਂ ਪਹਿਲਾਂ ਬਰਾਦਰੀ ਵਿਚ ਇਸ ਸੰਬੰਧੀ ਛੋਟੀਆਂ-ਛੋਟੀਆਂ ਪਰ ਮਹੱਤਵਪੂਰਨ ਪੈੜਾ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਜਿਵੇਂ -

1. ਬਰਾਤ ਦੀ ਮਿਲਣੀ ਨਗਰ ਜਾਂ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਹੀ ਹੋਵੇ ਅਤੇ ਮਿਲਣੀ ਤੋਂ ਬਾਅਦ ਤੁਰੰਤ ਗੁਰਦੁਆਰਾ ਸਾਹਿਬ ਵਿਚ ਆਨੰਦ ਕਾਰਜ ਕਰਵਾਏ ਜਾਣ।

2. ਮਿਲਣੀ ਸਿਰਫ਼ ਸਰਬ ਲੋਹ ਦੇ ਕੜੇ ਅਤੇ ਫੁੱਲਾਂ ਦੇ ਹਾਰਾਂ ਨਾਲ ਹੀ ਹੋਵੇ। ਕੋਈ ਵੀ ਵਸਤੂ ਦਾ ਉਥੇ ਲੈਣ-ਦੇਣ ਨਾ ਕੀਤਾ ਜਾਵੇ।

3. ਬਰਾਦਰੀ ਵਿਚ ਹੋ ਰਹੇ ਬਹੁਤ ਹੀ ਮਹਿੰਗੇ ਵਿਆਹ-ਸ਼ਾਦੀਆਂ ਦਾ ਮੋਹਤਬਰ ਵਿਅਕਤੀਆਂ ਵੱਲੋਂ ਬਾਈਕਾਟ ਕੀਤਾ ਜਾਵੇ।

4. ਲਾੜਾ ਜਾਂ ਲਾੜੀ ਵਿਦੇਸ਼ ਵਿਚ ਰਹਿੰਦਾ ਹੋਵੇ ਤਾਂ ਉਸ ਬਾਰੇ ਸਾਰੀ ਜਾਣਕਾਰੀ ਦੋਵਾਂ ਪਰਿਵਾਰਾਂ ਨੂੰ ਸੰਪੂਰਨ ਤੌਰ 'ਤੇ ਫਾਊਂਡੇਸ਼ਨ ਵੱਲੋਂ ਮੁਹੱਈਆ ਕਰਵਾਈ ਜਾਵੇ।

5. ਬਰਾਦਰੀ ਵਿਚੋਂ ਵੱਡੀਆਂ-ਵੱਡੀਆਂ ਰਕਮਾਂ ਦੀ ਮੰਗ ਕਰਕੇ, ਝੂਠ ਬੋਲ ਕੇ ਵਿਆਹ-ਸ਼ਾਦੀਆਂ ਕਰਵਾਉਣ ਵਾਲੇ ਵਿਚੋਲਿਆਂ ਦੀ ਭਾਲ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਦਾਜ ਦਹੇਜ ਦਿਵਾਉਣ ਦੇ ਗੁਨਾਹ ਵਿਚ ਦਹੇਜ ਵਿਰੋਧੀ ਕਾਨੂੰਨ ਅਧੀਨ ਸਜ਼ਾ ਦਿਵਾਈ ਜਾਵੇ।

6. ਬਰਾਦਰੀ ਵਿਚ ਦਾਜ ਦਹੇਜ ਜਾਂ ਹੋਰ ਕਿਸੇ ਕਾਰਨ ਹੁੰਦੇ ਲੜਾਈ ਝਗੜੇ ਥਾਣਿਆਂ ਅਤੇ ਕਚਹਿਰੀਆਂ ਵਿਚ ਲਿਜਾਣ ਦੀ ਬਜਾਏ ਬਰਾਦਰੀ ਪੱਧਰ 'ਤੇ ਸੁਲਾਹ ਸਫ਼ਾਈ ਨਾਲ ਨਿਬੇੜਨ ਦਾ ਉਪਰਾਲਾ ਕੀਤਾ ਜਾਵੇ।

ਇਨ੍ਹਾਂ ਫੈਸਲਿਆਂ ਨੂੰ ਪਿੰਡ-ਪਿੰਡ, ਨਗਰ-ਨਗਰ ਪ੍ਰਚਾਰਿਆ ਜਾਵੇ। ਪਿੰਡਾਂ ਦੇ ਗੁਰਦੁਆਰਿਆਂ ਵਿਚ ਇਸ਼ਤਿਹਾਰ ਲਗਾਏ ਜਾਣ। ਪਰਚੇ ਵੰਡੇ ਜਾਣ। ਸਕੂਲਾਂ-ਕਾਲਜਾਂ ਵਿਚ ਸੈਮੀਨਾਰ ਕਰਵਾਏ ਜਾਣ। ਨੌਜਵਾਨ ਬੱਚੇ ਬੱਚੀਆਂ ਤੋਂ ਪ੍ਰਣ ਪੱਤਰ ਭਰਵਾਏ ਜਾਣ। ਅਖ਼ਬਾਰੀ ਅਤੇ ਇਲੈਕਟ੍ਰੋਨਿਕ ਮੀਡੀਆ ਵਿਚ ਪ੍ਰਚਾਰ ਕੀਤਾ ਜਾਵੇ। ਦਾਜ ਵਿਰੋਧੀ ਕਾਨੂੰਨ 1961 ਨੂੰ ਪ੍ਰਚਾਰਿਆ ਜਾਵੇ। ਜੇ ਕਿਤੇ ਲੋੜ ਪਵੇ ਤਾਂ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਪੁਲਿਸ ਪ੍ਰਾਸ਼ਸ਼ਨ ਦੇ ਜ਼ਿਲ੍ਹਾ ਪੱਧਰ ਦੇ ਅਫ਼ਸਰਾਂ ਨੂੰ ਪਿੰਡਾਂ ਵਿਚ ਬੁਲਾ ਕੇ ਸੈਮੀਨਾਰ ਕਰਵਾ ਕੇ ਜਾਣਕਾਰੀ ਦਿੱਤੀ ਜਾਵੇ। ਕਾਨੂੰਨ ਤੋੜਣ ਤੇ ਮਿਲਣ ਵਾਲੀ ਸਜ਼ਾ ਤੋਂ ਜਾਣੂ ਕਰਵਾਇਆ ਜਾਵੇ।

ਜੇ ਅਸੀਂ ਕੁਝ ਕਰ ਸਕੇ ਤਾਂ ਇਹ ਬਰਾਦਰੀ ਦੀ ਮਹਾਨ ਸੇਵਾ ਅਤੇ ਸੰਤ ਪ੍ਰੇਮ ਸਿੰਘ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਧੀਆਂ ਅਸੀਸਾਂ ਦੇਣਗੀਆਂ। ਚੰਗੀ ਸ਼ੁਰੂਆਤ ਦੀ ਜ਼ਰੂਰਤ ਹੈ। ਕਾਮਯਾਬੀ ਜ਼ਰੂਰ ਮਿਲੇਗੀ। ਲੋਕ ਜ਼ਰੂਰ ਹਾਂ-ਪੱਖੀ ਹੁੰਗਾਰਾ ਦੇਣਗੇ।

● ● ●


**ਝੂਠ ਵੀ ਬੜੀ ਅਜੀਬ ਚੀਜ਼ ਹੈ, ਬੋਲਣਾ ਸਭ ਨੂੰ ਚੰਗਾ ਲੱਗਦਾ ਹੈ ਤੇ ਸੁਨਣਾ ਸਭ ਨੂੰ ਬੁਰਾ।**

# ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

5 ਜੁਲਾਈ 1856 ਨੂੰ ਭਾਰਤ ਦੀ ਜੰਗ-ਏ-ਆਜ਼ਾਦੀ ਦਾ ਪਹਿਲਾ ਸ਼ਹੀਦ, ਪੰਜਾਬ ਦਾ ਮਹਾਨ ਸਪੂਤ ਭਾਈ ਮਹਾਰਾਜ ਸਿੰਘ ਨਾਰੰਗਵਾਲ ਸੀ। ਭਾਰਤ ਨੂੰ ਆਜ਼ਾਦ ਹੋਇਆਂ ਨੂੰ 77 ਸਾਲ ਤੋਂ ਉੱਪਰ ਹੋ ਚੁੱਕੇ ਹਨ। ਆਜ਼ਾਦੀ ਐਵੇਂ ਹੀ ਪ੍ਰਾਪਤ ਨਹੀਂ ਸੀ ਹੋ ਗਈ। ਆਜ਼ਾਦੀ ਪ੍ਰਾਪਤੀ ਲਈ ਲੰਮਾਂ ਸਮਾ ਸੰਘਰਸ਼ ਕਰਨਾ ਪਿਆ ਸੀ। 1849 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਆਜ਼ਾਦ ਧਰਮ-ਨਿਰਪੱਖ ਰਾਜ, ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਸਮਾਪਤ ਹੋ ਗਿਆ ਸੀ। ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਬਹੁਤ ਗੁੱਸਾ ਸੀ ?

ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਨੇ ਅੰਗਰੇਜ਼ੀ ਰਾਜ ਪ੍ਰਤੀ ਵਿਰੋਧ ਜ਼ਾਹਿਰ ਕਰਦਿਆਂ, ਅੰਗਰੇਜ਼ ਅਫ਼ਸਰ ਵਿਲੀਅਮ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦਿੱਤਾ ਸੀ। 16 ਅਗਸਤ, 1909 ਨੂੰ ਸ਼ਹੀਦ ਮਦਨ ਲਾਲ ਢੀਂਗਰਾ ਸ਼ਹੀਦੀ ਦਾ ਜਾਮ ਪੀ ਗਿਆ ਸੀ।




ਭਾਰਤ ਦੀ ਆਜ਼ਾਦੀ ਦੇ ਅੰਦੋਲਨ
ਯੋਗਦਾਨ ਹੈ। ਬਾਬਾ ਰਾਮ ਸਿੰਘ ਦੀ
ਅੰਗਰੇਜ਼ੀ ਸਰਕਾਰ ਨਾਲ ਅਸਹਿਯੋਗ
ਹੱਤਿਆ ਵਿਰੁੱਧ ਸੰਘਰਸ਼ ਕਰਦਿਆਂ, ਕੂ
ਉੱਤੇ ਹਮਲਾ ਕੀਤਾ। 15 ਜਨਵਰੀ, 1
ਉਡਾ ਦਿੱਤਾ ਸੀ। 66 ਕੂਕੇ ਸ਼ਹੀਦ ਹੋ ਗਏ

1941 ਵਿਚ ਜਨਰਲ ਮੋਹਨ ਸਿ
ਸਥਾਪਨਾ ਕੀਤੀ ਸੀ, 1942 ਵਿਚ ਜਨ
ਲਿਆ, 1943 ਵਿਚ ਆਜ਼ਾਦ ਹਿੰਦ ਫੌ
ਸੰਭਾਲ ਲਈ ਸੀ। ਆਜ਼ਾਦ ਹਿੰਦ ਫੌਜ ਵਿ
ਯੋਗਦਾਨ ਸੀ।

ਪੰਜਾਬ ਵਿਚੋਂ ਅਮਰੀਕਾ ਗਏ
ਸਾਨਫ਼ਰਾਂਸਿਸਕੋ ਸ਼ਹਿਰ ਵਿਚ ਭਾਰਤ ਨੂੰ
ਵੇਖਿਆ ਸੀ। 1913 ਵਿਚ ਗ਼ਦਰ ਅਖ਼ਬਾਰ ਸ਼ੁਰੂ ਕੀਤਾ ਸੀ। ਭਾਰਤ ਵਿਚ ਸਮਾਜਵਾਦੀ ਇਨਕਲਾਬ ਲਿਆਉਣ ਲਈ ਗ਼ਦਰ ਪਾਰਟੀ ਕਾਇਮ ਕੀਤੀ ਗਈ ਸੀ। ਗ਼ਦਰ ਪਾਰਟੀ ਦੇ ਪ੍ਰਮੁੱਖ ਆਗੂ ਸਨ- ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਬਾਬਾ ਕੇਸਰ ਸਿੰਘ ਠੱਠਗੜ੍ਹ, ਪੰਡਿਤ ਕਾਂਸ਼ੀ ਰਾਮ, ਲਾਲਾ ਹਰਦਿਆਲ, ਬਾਬਾ ਵਿਸਾਖਾ ਸਿੰਘ, ਜਵਾਲਾ ਸਿੰਘ ਠੱਠੀਆਂ, ਭਾਈ ਭਗਵਾਨ ਸਿੰਘ। 1915 ਵਿਚ ਭਾਰਤ ਪਰਤ ਕੇ ਭਾਰਤ ਨੂੰ ਹਥਿਆਰਬੰਦ ਢੰਗ ਨਾਲ ਆਜ਼ਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਕਰਤਾਰ ਸਿੰਘ ਸਰਾਭਾ ਨੂੰ 13 ਸਤੰਬਰ, 1915 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਫ਼ਾਂਸੀ ਲਾ ਦਿੱਤੀ ਸੀ।


ਲਾਹੌਰ ਸਾਜ਼ਿਸ ਕੇਸ ਅਤੇ ਪਹਿਲੇ ਤੇ ਦੂਜੇ ਸਪਲੀਮੈਂਟਰੀ ਸਾਜ਼ਿਸ਼ ਕੇਸਾਂ ਵਿਚ ਇਨ੍ਹਾਂ ਗਦਰੀ ਸੂਰਬੀਰਾਂ ਨੂੰ ਮੌਤ ਦੀ ਸਜ਼ਾ ਫ਼ਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ ਇਨ੍ਹਾਂ ਵਿਚ- ਬਖਸ਼ੀਸ਼ ਸਿੰਘ ਗਿਲਵਾਲੀ, ਹਰਨਾਮ ਸਿੰਘ ਭੱਟੀ ਗੁਰਾਇਆ, ਜਗਤ ਸਿੰਘ ਸੁਰਸਿੰਘ, ਕਰਤਾਰ ਸਿੰਘ ਸਰਾਭਾ, ਸੁਰੈਣ ਸਿੰਘ ਗਿਲਵਾਲੀ, ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਗਿਲਵਾਲੀ, ਬੀਰ ਸਿੰਘ ਬਾਹੂਵਾਲ, ਈਸ਼ਰ ਸਿੰਘ ਢੁਡੀਕੇ, ਰੰਗਾ ਸਿੰਘ ਖੁਰਦਪੁਰ, ਰੂੜ ਸਿੰਘ ਤਲਵੰਡੀ ਦੁਸਾਂਝ, ਉੱਤਮ ਸਿੰਘ ਹਾਂਸ, ਬਾਬੂ ਰਾਮ ਫਤਹਿਗੜ੍ਹ, ਬਲਵੰਤ ਸਿੰਘ ਖੁਰਦਪੁਰ, ਨਾਮਾ ਫਤਹਿਗੜ੍ਹ, ਹਾਫਿਜ਼ ਅਬਦੁਲਾ ਜਗਰਾਓ, ਰੂੜ ਸਿੰਘ ਸੰਗਵਾਲ।

ਮਾਂਡਲੇ (ਬਰਮਾ) ਸਾਜ਼ਿਸ਼ ਕੇਸ ਵਿਚ ਜਿਨ੍ਹਾਂ ਗ਼ਦਰੀ ਬਹਾਦਰਾਂ ਨੂੰ ਜਾਇਦਾਦ ਦੀ ਜ਼ਬਤੀ ਦੇ ਨਾਲ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਲਾਇਆ ਗਿਆ ਉਹ ਸਨ-ਹਰਨਾਮ ਸਿੰਘ ਕਾਹਰੀ ਸਾਹਰੀ, ਚਾਲੀਆ ਰਾਮ ਸਾਹਨੇਵਾਲ, ਵਸਾਵਾ ਸਿੰਘ ਵਾੜਾ, ਨਰੈਣ ਸਿੰਘ ਬਾਲੋ, ਨਰਿੰਜਨ ਸਿੰਘ ਸੰਗਤਪੁਰਾ, ਪਾਲਾ ਸਿੰਘ ਸ਼ੇਰਪੁਰ, ਅਮਰ ਸਿੰਘ ਸ਼ੇਰਪੁਰ ਕਲਾਂ।

ਵੱਖ-ਵੱਖ ਕੇਸਾਂ ਅਧੀਨ ਜਿਨ੍ਹਾਂ ਹੋਰ ਗ਼ਦਰੀ ਇਨਕਲਾਬੀ ਯੋਧਿਆਂ ਨੂੰ
ਗਿਆ ਉਹ ਸਨ-ਕਾਂਸ਼ੀ ਰਾਮ ਮੜੌਲੀ,
ਸ਼ ਸਿੰਘ ਖਾਨਪੁਰ, ਜੀਵਨ ਸਿੰਘ ਧੂਲੇ
ਨਾ, ਧਿਆਨ ਸਿੰਘ ਉਮਰਪੁਰਾ, ਕਰਮ
ਝਲਾ, ਗਾਂਧਾ ਸਿੰਘ ਕਚਰਭਾਨ, ਸੁਰਜਨ
ਸਿੰਘ ਢੁਡਿਆਲਾ, ਜਵੰਦ ਸਿੰਘ ਨੰਗਲ,
ਸਿੰਘ ਪਿੰਡ ਬੂੜ ਚੰਦ, ਹਰਨਾਮ ਸਿੰਘ
ਖਾਰਾ, ਬੰਤਾ ਸਿੰਘ ਸੰਘਵਾਲ, ਅਰਜਨ
ਸਿੰਘ, ਈਸ਼ਰ ਸਿੰਘ ਪੱਧਰੀਕਲਾਂ, ਕਾਲਾ
ਸਿੰਘ ਅਕਾਲਗੜ੍ਹ।
ਸ਼ ਭਗਤਾਂ ਨੂੰ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ
ਆਂ ਨੂੰ ਉਮਰ ਕੈਦ ਹੋਈ। ਬਾਬਾ ਗੁਰਮੁੱਖ
ਸਿੰਘ ਆਜ਼ਾਦ ਚਲ ਦੀ ਰੇਲ ਗੱਡੀ
ਸਮੇਤ, ਹੇਠਾਂ ਛਾਲਾਂ ਮਾਰ ਗਏ। ਮੁੜ ਹੱਥ
ਨਾ ਆਏ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਾਮਾਗਾਟਾਮਾਰੂ ਨਾਲ ਸੰਬੰਧਿਤ ਘਟਨਾ ਵੀ ਖ਼ਾਸ ਮਹੱਤਵ ਰੱਖਦੀ ਹੈ। ਸਰਹਾਲੀ ਕਲਾਂ (ਅੰਮ੍ਰਿਤਸਰ) ਦੇ ਬਹਾਦਰ ਸੱਜਣ ਬਾਬਾ ਗੁਰਦਿੱਤ ਸਿੰਘ ਨੇ ਜਾਪਾਨੀ ਜਹਾਜ਼ ਕਾਮਾਗਾਟਾ ਮਾਰੂ, ਕੈਨੇਡਾ ਜਾਣ ਲਈ ਕਿਰਾਏ ਉੱਤੇ ਲਿਆ। 376 ਭਾਰਤੀ ਮੁਸਾਫ਼ਰਾਂ ਨੂੰ ਲੈ ਕੇ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੋਂ ਦੂਰ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਨੇ ਰੋਕ ਲਿਆ। ਮੁਸਾਫ਼ਰਾਂ ਨੂੰ ਉਤਰਨ ਨਹੀਂ ਦਿੱਤਾ। ਦੋ ਮਹੀਨੇ ਬਾਅਦ ਇਹ ਜਹਾਜ਼ ਵਾਪਸ ਸਫ਼ਰ ਕਰ ਕੇ, 22 ਜੁਲਾਈ, 1914 ਨੂੰ ਕਲਕੱਤਾ ਨੇੜੇ ਬਜਬਜ ਘਾਟ ਉੱਤੇ ਲੱਗਾ। ਅੰਗਰੇਜ਼ੀ ਪੁਲਿਸ ਨੇ ਗੋਲੀਆਂ ਨਾਲ ਸਵਾਗਤ ਕੀਤਾ। 18 ਯਾਤਰੀ ਮਾਰੇ ਗਏ, 36 ਯਾਤਰੀ ਜ਼ਖ਼ਮੀ ਹੋਏ। ਬਾਬਾ ਗੁਰਦਿੱਤ ਸਿੰਘ, 32 ਹੋਰ, ਬਚ ਕੇ ਭੱਜਣ ਵਾਲੇ ਯਾਤਰੀਆਂ ਵਿਚ ਸ਼ਾਮਿਲ ਸਨ।

13 ਅਪ੍ਰੈਲ 1919, ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ਼, ਅੰਮ੍ਰਿਤਸਰ ਇਕ ਵਿਸ਼ਾਲ ਜਨ ਸਭਾ ਉੱਤੇ ਜਨਰਲ ਡਾਇਰ ਦੇ ਹੁਕਮਾਂ ਨਾਲ, ਗੋਲ਼ੀਆਂ ਦਾ ਮੀਂਹ ਵਰਸਾਇਆ ਗਿਆ। ਕਰੀਬ ਇਕ ਹਜ਼ਾਰ ਨਿਰਦੋਸ਼ ਭਾਰਤੀ ਮਾਰੇ ਗਏ। ਭਾਰਤ ਭਰ ਵਿਚ ਅੰਗਰੇਜ਼ਾਂ ਵਿਰੁੱਧ ਗੁੱਸਾ ਬਹੁਤ ਭਖਿਆ।



ਭਾਰਤ ਦੀ ਆਜ਼ਾਦੀ ਲਹਿਰ ਵਿਚ ਬੱਬਰ ਅਕਾਲੀ ਲਹਿਰ ਦਾ ਵੀ ਯੋਗਦਾਨ ਹੈ। ਧੰਨਾ ਸਿੰਘ ਬੱਬਰ ਨੇ ਹੱਥਕੜੀਆਂ ਤੇ ਬੇੜੀਆਂ ਵਿਚ ਜਕੜੇ ਨੇ ਹੀ ਐਸ.ਪੀ. ਹਾਰਟਨ ਨੂੰ ਉਡਾ ਦਿੱਤਾ ਸੀ, ਨਾਲ ਹੀ ਆਪ ਵੀ ਮਾਰਿਆ ਗਿਆ ਸੀ।27 ਫਰਵਰੀ 1926 ਨੂੰ ਛੇ ਬੱਬਰਾਂ ਨੂੰ ਫ਼ਾਂਸੀ ਦੀ ਸਜ਼ਾ ਹੋਈ ਸੀ। ਇਹ ਬੱਬਰ ਯੋਧੇ ਸਨ-ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ, ਧਰਮ ਸਿੰਘ।

1928 ਵਿਚ ਕੇਵਲ ਅੰਗਰੇਜ਼ ਮੰਤਰੀਆਂ ਦਾ ਇਕ ਮੰਡਲ ਸਾਈਮਨ ਕਮਿਸ਼ਨ ਦੇ ਰੂਪ ਵਿਚ ਭਾਰਤ ਆਇਆ ਸੀ। ਲਾਹੌਰ ਵਿਖੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਇਸ ਕਮਿਸ਼ਨ ਦੇ ਵਿਰੁੱਧ ਜਲੂਸ ਕੱਢਿਆ ਗਿਆ ਸੀ। ਲਾਠੀਚਾਰਜ ਹੋਇਆ। ਲਾਲਾ ਲਾਜਪਤ ਰਾਏ ਜ਼ਖ਼ਮੀ ਹੋਣ ਤੋਂ ਬਾਅਦ 17 ਨਵੰਬਰ 1928 ਨੂੰ ਅਕਾਲ ਚਲਾਨਾ ਕਰ ਗਏ ਸਨ। ਲਾਲਾ ਜੀ ਦੀ ਸ਼ਹੀਦੀ ਦਾ ਬਦਲਾ ਬਾਅਦ ਵਿਚ ਸ਼ਹੀਦ ਭਗਤ ਸਿੰਘ ਨੇ ਲਿਆ ਸੀ।

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬ ਵਿਚ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਿਚ ਹਿੰਦੁਸਤਾਨ ਸਮਾਜਵਾਦੀ ਗਣਤੰਤਰ ਸੈਨਾ ਕਾਇਮ ਕੀਤੀ ਗਈ। ਅੰਗਰੇਜ਼ਾਂ ਨੂੰ ਭਾਰਤ ਛੱਡ ਜਾਣ ਲਈ ਚਿਤਾਵਨੀ ਦੇਣ ਲਈ, ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਭਾਰਤ ਦੀ ਕੇਂਦਰੀ ਅਸੈਂਬਲੀ ਵਿਚ ਜ਼ੋਰਦਾਰ ਧਮਾਕਾ ਕੀਤਾ। ਇਨਕਲਾਬ ਜ਼ਿੰਦਾਬਾਦ, ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਏ। 23 ਮਾਰਚ, 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫ਼ਾਂਸੀ ਲਗਾਈ ਗਈ।ਆਜ਼ਾਦੀ ਦੀ ਲਹਿਰ ਹੋਰ ਪ੍ਰਚੰਡ ਹੋਈ।

ਜਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਊਧਮ ਸਿੰਘ ਨੇ ਠਾਣ ਲਿਆ ਸੀ ਕਿ ਇਸ ਕਤਲੇਆਮ ਦਾ ਬਦਲਾ ਜ਼ਰੂਰ ਲੈਣਾ ਹੈ।ਪੂਰੇ 21 ਸਾਲਾਂ ਬਾਅਦ, 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਖੇ, ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਮਾਰ ਮੁਕਾਇਆ ਸੀ। ਊਧਮ ਸਿੰਘ ਮੌਕੇ ਤੋਂ ਫ਼ਰਾਰ ਨਹੀਂ ਸੀ ਹੋਇਆ, ਸਗੋਂ ਕਿਹਾ ਕਿ ਉਹਨੇ ਆਪਣਾ ਵਚਨ ਪੂਰਾ ਕੀਤਾ ਸੀ। ਆਪਣੇ ਲੋਕਾਂ ਦੇ ਕਾਤਲ ਤੋਂ ਬਦਲਾ ਲਿਆ ਸੀ। ਊਧਮ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਹੈ।

1942 ਦੀ ਭਾਰਤ ਛੱਡੋ ਲਹਿਰ ਵਿਚ ਵੀ ਪੰਜਾਬੀਆਂ ਦਾ ਵੱਡਾ ਯੋਗਦਾਨ ਸੀ।ਅਨੇਕਾਂ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ।

14 ਜਨਵਰੀ 1944 ਨੂੰ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਚ ਤਿੰਨ ਮਹੀਨੇ ਜਾਪਾਨੀਆਂ ਦੇ ਤਸੀਹੇ ਸਹਿੰਦਿਆਂ ਪੰਜਾਬ ਦੇ ਬਹਾਦਰ ਸਪੂਤ ਡਾ. ਦੀਵਾਨ ਸਿੰਘ ਕਾਲੇਪਾਣੀ ਨੇ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਆਪਣੀ ਜਾਨ ਦੀ ਆਹੂਤੀ ਦੇ ਦਿੱਤੀ। ਇਸ ਤੋਂ ਪਹਿਲਾਂ 1914-15 ਵਿਚ ਦਰਜਨਾਂ ਸਿੱਖ ਗ਼ਦਰੀ ਬਾਬਿਆਂ ਨੂੰ ਏਸੇ ਜੇਲ੍ਹ ਵਿਚ ਲੰਮਾ ਸਮਾਂ ਤਸੀਹੇ ਦਿੱਤੇ ਜਾਂਦੇ ਰਹੇ ਸਨ।

ਆਖਰ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ।

ਹਜ਼ਾਰਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਹੋਈ ਆਜ਼ਾਦੀ ਨੂੰ ਹੁਣ ਅਸੀਂ ਨਾ ਸਿਰਫ਼ ਕਾਇਮ ਹੀ ਰੱਖਣਾ ਹੈ, ਸਗੋਂ ਦੇਸ਼ ਭਗਤਾਂ ਦੇ ਆਰਥਿਕ ਖੁਸ਼ਹਾਲੀ ਦੇ ਸਾਰੇ ਸੁਪਨੇ ਵੀ ਪੂਰੇ ਕਰਨੇ ਹਨ। ਦੇਸ਼ ਨੂੰ ਭੁੱਖ-ਨੰਗ, ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ ਆਦਿ ਤੋਂ ਮੁਕਤ ਕਰਨਾ ਹੈ।

• • •

**ਮਾਂ ਚਾਹੀਦੀ ਹੈ, ਭੈਣ ਚਾਹੀਦੀ ਹੈ, ਪਤਨੀ ਚਾਹੀਦੀ ਹੈ ਤੇ ਫਿਰ ਬੇਟੀ ਕਿਉਂ ਨਹੀਂ ਚਾਹੀਦੀ।**

# ਸਮੇਂ ਦੀ ਧੂੜ ਵਿਚ ਗੁਆਚ ਰਹੇ ਪੇਂਡੂ ਕਿੱਤੇ

**ਰਾਜਵੰਤ ਕੌਰ ਪੰਜਾਬੀ (ਡਾ.)**

ਕਿੱਤਾ ਭਾਵੇਂ ਕੋਈ ਵੀ ਹੋਵੇ, ਉਸ ਦਾ ਸਿੱਧਾ ਸੰਬੰਧ ਮਨੁੱਖ ਦੀ ਉਪਜੀਵਕਾ ਨਾਲ ਹੀ ਜੁੜਿਆ ਹੋਇਆ ਹੈ। ਖੇਤੀ ਪੰਜਾਬੀਆਂ ਦਾ ਮੁੱਖ ਕਿੱਤਾ ਰਿਹਾ ਹੈ। ਬਹੁਤ ਸਾਰੇ ਕਿੱਤੇ ਦਸਤਕਾਰੀ, ਸਿਲਾਈ-ਕਢਾਈ, ਇਮਾਰਤਸਾਜ਼ੀ, ਚਿੱਤਰਕਲਾ ਆਦਿ ਨਾਲ ਵੀ ਸੰਬੰਧਿਤ ਹਨ। ਇਹ ਕਿੱਤੇ ਸਾਡੇ ਸਮਾਜ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਕੇ ਹੱਥੀਂ ਮਿਹਨਤ ਕਰਨ ਦੀ ਜਾਚ ਸਿਖਾਉਂਦੇ ਹਨ ਅਤੇ ਕੌਮ ਨੂੰ ਵਿਕਾਸਮਈ ਲੀਹਾਂ ਤੇ ਤੋਰਦੇ ਹਨ।

ਹਰ ਮਨੁੱਖ ਆਪੋ-ਆਪਣੀਆਂ ਲੋੜਾਂ ਜਾਂ ਘਰੇਲੂ ਸਥਿਤੀਆਂ ਅਨੁਸਾਰ ਕਿੱਤੇ ਦੀ ਵੰਡ ਜਾਂ ਚੋਣ ਕਰਦਾ ਰਿਹਾ ਹੈ। ਮਨੁੱਖ ਵੱਲੋਂ ਕਿੱਤਾ ਵੀ ਉਹੀ ਅਪਣਾਇਆ ਜਾਂਦਾ ਹੈ ਜਿਹੜਾ ਲਾਭਕਾਰੀ ਵੀ ਹੋਵੇ ਅਤੇ ਵਿਹਲੇ ਸਮੇਂ ਵਿਚ ਉਸ ਨੂੰ ਆਹਰੇ ਵੀ ਲਾਈ ਰੱਖੇ। ਅੱਜ ਨੌਕਰੀ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਪਰੰਤੂ ਕੋਈ ਸਮਾਂ ਸੀ ਜਦੋਂ ਨੌਕਰੀ ਨੂੰ ਨਖਿੱਧ ਗਿਣਿਆ ਜਾਂਦਾ ਸੀ। ਇਹ ਅਖਾਣ ਵੀ ਪੁਰਾਣੇ ਸਮਿਆਂ ਵਿਚ ਪ੍ਰਚਲਿਤ ਸੀ, 'ਉਤਮ ਖੇਤੀ, ਮੱਧਮ ਵਪਾਰ। ਨਖਿੱਧ ਚਾਕਰੀ, ਭੀਖ ਨਦਾਰ।'

ਉਤਮ ਸਮਝੀ ਜਾਂਦੀ ਖੇਤੀ ਦਾ ਕਾਰਜ ਵਰਤਮਾਨ ਆਰਥਿਕ ਸਥਿਤੀਆਂ ਵਿਚ ਨਖਿੱਧ ਤੇ ਘਾਟੇ ਵਾਲਾ ਸੌਦਾ ਬਣਦਾ ਜਾ ਰਿਹਾ ਹੈ ਅਤੇ ਨੌਕਰੀ ਨੂੰ ਸਰਵੋਤਮ ਸਥਾਨ ਮਿਲ ਰਿਹਾ ਹੈ। ਹਰ ਨੌਜਵਾਨ ਨੌਕਰੀ ਨੂੰ ਪਹਿਲ ਦਿੰਦਾ ਹੈ।

ਅੰਗਰੇਜ਼ਾਂ ਦੇ ਭਾਰਤ ਤੇ ਰਾਜ ਕਰਨ ਤੋਂ ਪਹਿਲਾਂ ਦਸਤਕਾਰੀ ਕਿੱਤੇ ਸਿਖਰ ਤੇ ਸਨ। ਪੰਜਾਬ ਵਿਚ ਪ੍ਰਚਲਿਤ ਕਿੱਤਿਆਂ ਵਿਚ ਫੁਲਕਾਰੀ ਕੱਢਣਾ ਅਤੇ ਵੇਚਿਆ ਜਾਣਾ ਵੀ ਮੁੱਖ ਰਹੇ ਹਨ। ਫੁਲਕਾਰੀ ਇਕ ਪ੍ਰਕਾਰ ਦੀ ਉਹ ਕਲਾਮਈ ਰਚਨਾ ਹੈ ਜਿਸ ਨੂੰ ਕੱਢਦਿਆਂ ਲੰਮਾਂ ਸਮਾਂ ਲੱਗਦਾ ਹੈ ਅਤੇ ਜਿਸ ਵਿਚ ਮੁਟਿਆਰਾਂ ਆਪਣੀਆਂ ਰੀਝਾਂ ਬੁਣਦੀਆਂ ਹਨ। ਹੁਣ ਤਾਂ ਫੁਲਕਾਰੀ ਦੀਆਂ ਗੱਲਾਂ ਸਿਰਫ਼ ਸੁਣਨ ਜਾਂ ਆਰਟ ਗੈਲਰੀਆਂ/ ਅਜਾਇਬ ਘਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਈਆਂ ਹਨ। ਜੇ ਕਦੇ ਭਾਬੀ ਵੱਲੋਂ ਆਪਣੀ ਨਣਦ ਨੂੰ ਫੁਲਕਾਰੀ ਵਰਗਾ ਕੀਮਤੀ ਤੋਹਫਾ ਦੇ ਦਿੱਤਾ ਜਾਵੇ ਤਾਂ ਫੇਰ ਗੱਲ ਹੀ ਕੀ ਹੈ? ਉਹ ਥਾਂ ਥਾਂ ਵੀਰ ਤੇ ਭਰਜਾਈ ਦੀਆਂ ਸਿਫ਼ਤਾਂ ਦੇ ਪੁੱਲ ਬੰਨ੍ਹਦੀ, ਝੂਮਦੀ-ਗਾਉਂਦੀ ਫਿਰਦੀ ਹੈ –

**ਵੀਰ ਮੇਰੇ ਨੇ ਕੁੜਤੀ ਦਿੱਤੀ, ਭਾਬੋ ਨੇ ਫੁਲਕਾਰੀ।**
**ਨੀ ਜੁੱਗ-ਜੁੱਗ ਜੀ ਭਾਬੋ, ਲੱਗੇ ਜਾਨ ਤੋਂ ਪਿਆਰੀ।**

ਫੁਲਕਾਰੀ ਦੇ ਨਾਲ ਹੀ ਦਰੀਆਂ ਤੇ ਖੇਸ ਬੁਣਨ ਦਾ ਰੁਝਾਨ ਵੀ ਮੱਠਾ ਪੈ ਰਿਹਾ ਹੈ। ਅੱਜ ਕੱਲ੍ਹ ਮਸ਼ੀਨੀ ਕਾਰਜ ਨੇ ਇਨ੍ਹਾਂ ਦੀ ਥਾਂ ਲੈ ਲਈ ਹੈ। ਮਸ਼ੀਨੀ ਦਰੀਆਂ ਤੇ ਖੇਸ ਹੌਲੇ ਤੇ ਹਲਕੇ ਡਿਜ਼ਾਇਨਾਂ ਵਾਲੇ ਹੁੰਦੇ ਹਨ ਜਦੋਂ ਕਿ ਹੱਥੀਂ ਬਣੀਆਂ ਦਰੀਆਂ ਵਿਚ ਖਰਗੋਸ਼, ਮੱਛੀਆਂ, ਫਲ, ਫੁੱਲ, ਮੋਰ ਅਤੇ ਬਾਗ਼ ਕਚਹਿਰੀ ਆਦਿ ਦੇ ਦ੍ਰਿਸ਼ ਪਾ ਕੇ ਦਰੀਆਂ ਵਿਚ ਜਾਨ ਪਾਉਣ ਵਾਲੀ ਗੱਲ ਕੀਤੀ ਹੁੰਦੀ ਹੈ। ਇਹ ਦਰੀਆਂ ਭਾਰੀਆਂ ਹੁੰਦੀਆਂ ਸਨ ਜੋ ਬਹੁਤ ਲੰਮਾ ਸਮਾਂ ਘਸਦੀਆਂ ਅਤੇ ਫਟਦੀਆਂ ਨਹੀਂ ਸਨ। ਅਜਿਹੀਆਂ ਦਰੀਆਂ ਉਪਰ ਵਧੀਆ ਬੰਬਲ ਤੇ ਜੰਜ਼ੀਰੀਦਾਰ ਜਾਲੀ ਬਣਾਉਣੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਸੀ। ਇਸ ਕਰਕੇ ਇਸ ਨੂੰ ਬਹੁਤ ਮਿਹਨਤ ਵਾਲਾ ਕਾਰਜ ਸਮਝਿਆ ਜਾਂਦਾ ਸੀ।

ਵਰਤਮਾਨ ਯੁੱਗ ਵਿਚ ਗਹਿਣੇ ਬਣਾਉਣ ਦਾ ਕੰਮ ਵੀ ਪਹਿਲਾਂ ਨਾਲੋਂ ਵਧੇਰੇ ਮਸ਼ੀਨੀ ਹੋ ਗਿਆ ਹੈ। ਨਵੇਂ-ਨਵੇਂ ਡਿਜ਼ਾਇਨਾਂ ਦੇ ਜਿਹੜੇ ਪਹਿਲਾਂ ਠੱਪੇ ਬਣਦੇ ਸਨ, ਉਨ੍ਹਾਂ ਦੀ ਥਾਂ ਹੁਣ ਮਸ਼ੀਨਾਂ ਨੇ ਲੈ ਲਈ ਹੈ ਜਿਸ ਕਾਰਨ ਕੰਮ ਕਰਨ ਦੀ ਗਤੀ ਤੇਜ਼ ਹੋਈ ਹੈ। ਅੱਜ ਸੱਗੀ ਫੁੱਲ, ਹੱਸ, ਕੈਂਠੇ, ਰਾਣੀ ਹਾਰ ਆਦਿ ਗਹਿਣੇ ਘੱਟ ਹੀ ਵੇਖਣ ਨੂੰ ਮਿਲਦੇ ਹਨ। ਸੱਗੀ ਫੁੱਲ ਤੇ ਕੈਂਠੇ ਸਿਰਫ਼ ਸਭਿਆਚਾਰਕ ਪ੍ਰੋਗਰਾਮਾਂ ਜਿਵੇਂ ਗਿੱਧੇ ਅਤੇ ਭੰਗੜੇ ਵਿਚ ਮੁਟਿਆਰਾਂ ਤੇ ਗੱਭਰੂਆਂ ਵੱਲੋਂ ਪਹਿਨੇ ਜਾਂਦੇ ਹਨ। ਕਿਸੇ ਵੇਲੇ ਜੇ ਮਾਹੀ ਕੈਂਠਾ ਕਰਾਉਣ ਦੀ ਗੱਲ ਤੋਰਦਾ ਸੀ ਤਾਂ ਉਸ ਦੀ ਨਾਰ ਵੀ ਛੋਟੇ ਮੋਟੇ ਗਹਿਣੇ ਦੀ ਮੰਗ ਨਹੀਂ ਸੀ ਕਰਦੀ ਸਗੋਂ ਹੱਸ ਕਰਾਉਣ ਦੀ ਫ਼ੁਰਮਾਇਸ਼ ਕਰਦੀ ਸੀ –

**ਜੇ ਮੁੰਡਿਆਂ ਤੂੰ ਕੈਂਠਾ ਵੇ ਕਰਾਉਣਾ,**
**ਮੈਨੂੰ ਵੀ ਕਰਾ ਦੇ ਹੱਸ ਮੁੰਡਿਆ,**
**ਨਹੀਂ ਦੇਊ ਘਰਦਿਆਂ ਨੂੰ ਦੱਸ ਮੁੰਡਿਆ।**

ਅੱਜਕੱਲ੍ਹ ਦੇ ਗਹਿਣਿਆਂ ਦਾ ਕਿੱਤਾ ਕਰਨ ਵਾਲੇ ਵਿਅਕਤੀਆਂ (ਸੁਨਿਆਰ-ਜਾਤੀ) ਕੋਲੋਂ ਕੋਈ ਵਿਰਲਾ ਟਾਵਾਂ ਵਿਅਕਤੀ ਹੀ ਇਹ ਗਹਿਣੇ ਬਣਵਾਉਂਦਾ ਹੈ। ਹਾਂ, ਕਿਸੇ ਬਜ਼ੁਰਗ ਔਰਤ ਦੇ ਸੰਦੂਕ/ਪੇਟੀ ਵਿਚੋਂ ਇਨ੍ਹਾਂ ਦੁਰਲਭ ਗਹਿਣਿਆਂ ਦੇ ਦਰਸ਼ਨ ਹੋ ਸਕਦੇ ਹਨ।

ਘਰੇਲੂ ਔਰਤਾਂ ਦੇ ਕਿੱਤਿਆਂ ਨੂੰ ਵਿਗਿਆਨਕ ਯੁੱਗ ਅਤੇ ਮਨੁੱਖ ਅੰਦਰ ਵਧ ਰਹੀ ਤੇਜ਼ੀ ਨੇ ਕਾਫੀ ਸੱਟ ਮਾਰੀ ਹੈ। ਬਿਜਲਈ ਚੱਕੀਆਂ ਦੀ ਹੋਂਦ ਤੋਂ ਪਹਿਲਾਂ ਔਰਤ ਚੱਕੀ ਪੀਹ ਪੀਹ ਕੇ ਜਿਥੇ ਆਪਣਾ ਅਤਿ ਜ਼ਰੂਰੀ ਕਾਰਜ ਕਰਦੀ ਰਹਿੰਦੀ ਸੀ ਉਥੇ ਉਸ ਦੀ ਸਰੀਰਕ ਕਸਰਤ ਵੀ ਹੁੰਦੀ ਰਹਿੰਦੀ ਸੀ ਪਰ ਆਟੇ ਵਾਲੀਆਂ ਬਿਜਲਈ ਚੱਕੀਆਂ ਦੇ ਬਣ ਜਾਣ ਕਾਰਨ ਹੱਥ ਨਾਲ ਚੱਲਣ ਵਾਲੀਆਂ ਚੱਕੀਆਂ ਹੁਣ ਘਰਾਂ ਦੇ ਖੱਲਾਂ-ਖੂੰਜਿਆਂ ਵਿਚ ਪਈਆਂ ਪਈਆਂ ਦਮ ਤੋੜ ਰਹੀਆਂ ਹਨ ਜਦੋਂ ਕਿ ਆਧੁਨਿਕ ਚੱਕੀਆਂ ਰਾਹੀਂ ਪੀਸਿਆ ਮੈਦੇ ਵਰਗਾ ਆਟਾ ਖਾ ਖਾ ਮਨੁੱਖ ਆਪਣੇ ਆਪ ਨੂੰ ਰੋਗੀ ਹੀ ਤਾਂ ਬਣਾ ਰਿਹਾ ਹੈ। ਉਖਲੀ ਵਿਚ ਦਾਣੇ ਅਤੇ ਚੌਲ ਕੁੱਟਣ ਦੀ ਰੁਚੀ ਵੀ ਖਤਮ ਹੋ ਗਈ ਹੈ। ਵੈਦਾਂ ਅਨੁਸਾਰ ਘਰੇਲੂ ਚੱਕੀਆਂ ਰਾਹੀਂ ਤਿਆਰ ਕੀਤਾ ਅੰਨ ਮਨੁੱਖ ਨੂੰ ਤਾਕਤ ਦਿੰਦਾ ਹੈ ਅਤੇ ਸਰੀਰਕ ਤੰਦਰੁਸਤੀ ਵਧਾਉਂਦਾ ਹੈ ਪਰ ਇਹ ਕਿੱਤਾ ਵੀ ਹੁਣ ਸੁਪਨਾ ਬਣ ਕੇ ਰਹਿ ਗਿਆ ਹੈ।

ਨਾਲੇ ਅਤੇ ਨਵਾਰ ਬੁਣਨ ਦਾ ਕੰਮ ਵੀ ਵਰਤਮਾਨ ਮਸ਼ੀਨੀਕਰਨ ਅਤੇ ਉਦਯੋਗੀਕਰਨ ਵਰਗੇ ਰੁਝਾਨਾਂ ਦੀ ਭੇਂਟ ਚੜ੍ਹਦਾ ਜਾ ਰਿਹਾ ਹੈ। ਇਹ ਦੋਵੇਂ ਸਸਤੇ ਪ੍ਰਕਾਰ ਦੇ ਕਿੱਤੇ ਸਨ ਪ੍ਰੰਤੂ ਇਨ੍ਹਾਂ ਵਿਚ ਔਰਤਾਂ ਕਾਫੀ ਮਿਹਨਤ ਕਰਕੇ ਕਮਾਈ ਕਰਦੀਆਂ ਸਨ। ਅਜੋਕੇ ਪ੍ਰਸੰਗ ਵਿਚ ਪਲਾਸਟਿਕ ਦੀਆਂ ਨਵਾਰਾਂ, ਫੋਲਡਿੰਗ ਬੈਡਾਂ ਦਾ ਸ਼ਿੰਗਾਰ ਬਣ ਰਹੀਆਂ ਹਨ। ਜਿਥੇ ਘਰ ਦੀਆਂ ਬਣਾਈਆਂ ਸੂਤੀ ਨਵਾਰਾਂ ਪੰਦਰਾਂ-ਪੰਦਰਾਂ, ਵੀਹ-ਵੀਹ ਸਾਲ ਕਿਤੇ ਨਹੀਂ ਸਨ ਜਾਂਦੀਆਂ ਉਥੇ ਅੱਜ ਦੀਆਂ ਨਵਾਰਾਂ ਚਾਲ ਸਾਲ ਵੀ ਨਹੀਂ ਕੱਢਦੀਆਂ। ਮਸ਼ੀਨਾਂ ਦੁਆਰਾ ਨਕਲੀ ਅਤੇ ਘੱਟ ਚੱਲਣ ਵਾਲੀਆਂ ਵਸਤਾਂ ਵਧੇਰੇ ਬਣਨ ਲੱਗ ਪਈਆਂ ਹਨ।

ਟੋਕਰੀਆਂ ਤੇ ਟੋਕਰੇ ਬਣਾ ਕੇ ਉਪਜੀਵਕਾ ਕਮਾਉਣਾ ਵੀ ਕਲਾਮਈ ਕਿੱਤਿਆਂ ਵਿਚੋਂ ਇਕ ਰਿਹਾ ਹੈ। ਤੂਤ ਦੀਆਂ ਲੰਮੀਆਂ ਛਟੀਆਂ ਇਸ ਕਾਰਜ ਲਈ ਵਰਤੀਆਂ ਜਾਂਦੀਆਂ ਹਨ। ਪਿੰਡਾਂ ਵਿਚ ਵਿਰਲੇ ਟਾਵੇਂ ਵਿਅਕਤੀ ਹੀ ਇਸ ਫ਼ਨ ਵਿਚ ਮਾਹਿਰ ਹੁੰਦੇ ਸਨ। ਇਸ ਵਿਚ ਮਿਹਨਤ ਕਾਫੀ ਹੁੰਦੀ ਹੈ ਪ੍ਰੰਤੂ ਆਮਦਨ ਬਹੁਤੀ ਨਹੀਂ ਹੁੰਦੀ। ਅੱਜਕਲ੍ਹ ਇਨ੍ਹਾਂ ਦੀ ਥਾਂ ਲੋਹੇ ਦੇ ਬੱਠਲਾਂ (ਤਸਲਿਆਂ) ਨੇ ਲੈ ਲਈ ਹੈ। ਰਸੋਈ ਵਿਚ ਬਰਤਨ ਰੱਖਣ ਲਈ ਲੋਹੇ ਦੇ ਜਾਲੀਦਾਰ ਟੋਕਰੇ ਜਾਂ ਸਟੀਲ ਦੇ ਸਟੈਂਡ ਵਰਤੇ ਜਾਣ ਲੱਗ ਪਏ ਹਨ। ਘਰ ਵਿਚ ਸਬਜ਼ੀਆਂ ਆਦਿ ਰੱਖਣ ਲਈ ਪਲਾਸਟਿਕ ਦੀਆਂ ਟੋਕਰੀਆਂ ਵਰਤੀਆਂ ਜਾਣ ਲੱਗ ਪਈਆਂ ਹਨ। ਇਸ ਕਰਕੇ ਪਿੰਡਾਂ ਵਿਚ ਵਿਰਲੇ ਹੀ ਲੋਕ ਰਹਿ ਗਏ ਹਨ ਜਿਹੜੇ ਇਹ ਕਿੱਤਾ ਕਰ ਰਹੇ ਹਨ ਕਿਉਂਕਿ ਪਸ਼ੂ ਰੱਖਣ ਵਾਲੇ ਲੋਕ ਇਨ੍ਹਾਂ ਟੋਕਰਿਆਂ ਦੀ ਅਜੇ ਵੀ ਵਰਤੋਂ ਕਰਦੇ ਹਨ।

ਆਵਾਜਾਈ ਦੇ ਤੇਜ਼ੀ ਨਾਲ ਵਿਕਸਿਤ ਹੋਏ ਵੱਖ-ਵੱਖ ਸਾਧਨਾਂ ਨੇ ਤਾਂਗਾ, ਬੱਘੀਆਂ ਆਦਿ ਚਲਾਉਣ ਦਾ ਕਿੱਤਾ ਵੀ ਖੋਹ ਲਿਆ ਹੈ। ਰੇਲ ਗੱਡੀ, ਇਸ ਸਿਲਸਿਲੇ ਵਿਚ ਪ੍ਰਮੁੱਖ ਸਾਧਨ ਬਣ ਕੇ ਸਾਹਮਣੇ ਆਈ ਹੈ, ਜਿਹੜੀ ਹਜ਼ਾਰਾਂ ਲੋਕਾਂ ਨੂੰ ਇਕੋ ਵਾਰ ਦੂਰ ਲਿਜਾਣ ਦੇ ਸਮਰੱਥ ਹੈ। ਇਸ ਨਾਲ ਸੈਂਕੜੇ ਵਿਅਕਤੀ ਬੇਰੁਜ਼ਗਾਰ ਵੀ ਹੋਏ ਹਨ। ਤਾਂਗੇ, ਪਿੰਡ ਦੇ ਲੋਕਾਂ ਦਾ ਉਹ ਸਸਤਾ ਸਾਧਨ ਹਨ ਜਿਹੜੇ ਨੇੜੇ ਦੇ ਸ਼ਹਿਰ ਦੇ ਬੱਸ ਅੱਡਿਆਂ ਜਾਂ ਸਟੇਸ਼ਨਾਂ ਆਦਿ ਤੋਂ ਸਵਾਰੀਆਂ ਢੋਂਦੇ ਹਨ ਪਰ ਅੱਜਕਲ੍ਹ ਇਹ ਕਿੱਤਾ ਵੀ ਪਤਨ ਵੱਲ ਜਾ ਰਿਹਾ ਹੈ। ਸੰਤੋਖ ਸਿੰਘ ਧੀਰ ਦੀ ਚਰਚਿਤ ਕਹਾਣੀ 'ਕੋਈ ਇਕ ਸਵਾਰ' ਇਸੇ ਕਿੱਤਈ ਪਰਿਵਰਤਨ ਵੱਲ ਸੰਕੇਤ ਕਰਦੀ ਹੈ।

ਵਿਆਹੁਲੀ ਮੁਟਿਆਰ ਨੂੰ 'ਰੱਥ ਗੱਡੀ' ਰਾਹੀਂ ਲਿਆਉਣ ਦਾ ਰੁਝਾਨ ਕਦੇ ਬਹੁਤ ਪ੍ਰਸਿੱਧ ਰਿਹਾ ਹੈ। ਭਾਵੇਂ ਕਹਾਰ ਡੋਲੀ ਚੁੱਕਣ ਦਾ ਧੰਦਾ ਕਰਦੇ ਸਨ ਪਰ ਡੋਲੀ ਤੋਂ ਇਲਾਵਾ 'ਰੱਥ ਗੱਡੀ' ਦਾ ਇਸਤੇਮਾਲ ਵੀ ਇਸੇ ਮਨੋਰਥ ਲਈ ਹੁੰਦਾ ਸੀ। ਮੁਟਿਆਰ ਦੇ ਓਹਲੇ ਵਾਸਤੇ ਇਸ ਰੱਥ ਗੱਡੀ ਦੇ ਅੱਗੇ ਪਿੱਛੇ ਪਰਦੇ ਵੀ ਲੱਗੇ ਹੁੰਦੇ ਸਨ। ਇਹ ਆਰਾਮਦਾਇਕ ਤਾਂ ਹੁੰਦੀ ਹੀ ਸੀ ਨਾਲ ਹੀ ਵਿਆਹੁਲੀ ਮੁਟਿਆਰ ਪ੍ਰਤੀ ਵੇਖਣ ਵਾਲਿਆਂ ਦੀ ਉਤਸੁਕਤਾ ਵੀ ਵਧਾਉਂਦੀ ਸੀ। ਅਜੋਕੀਆਂ ਮਾਰੂਤੀ ਕਾਰਾਂ ਨੇ ਹੁਣ ਇਹ ਕਿੱਤਾ ਖੁਦ ਸਾਂਭ ਲਿਆ ਹੈ। 'ਰੱਥ ਗੱਡੀ' ਹੁਣ ਡੋਲੀ ਵਾਂਗ ਬੀਤੇ ਦਿਨਾਂ ਦੀ ਬਾਤ ਬਣ ਕੇ ਰਹਿ ਗਈ ਹੈ।

**ਮੇਰੀ ਡੋਲੀ ਨੂੰ ਲਗੜੇ ਹੀਰੇ ਨੀ ਮਾਂ,**
**ਮੈਨੂੰ ਵਿੱਦਿਆ ਕਰਨ ਮੇਰੇ ਵੀਰੇ ਨੀ ਮਾਂ।**
**ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ,**
**ਰਵ੍ਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ।**

ਭਾਰਤ ਵਿਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਖੱਦਰ ਘਰਾਂ ਵਿਚ ਤਿਆਰ ਕੀਤਾ ਜਾਂਦਾ ਸੀ ਪਰ ਅੰਗਰੇਜ਼ਾਂ ਦੀ ਆਮਦ ਨਾਲ ਕੱਪੜਾ ਬਣਾਉਣ ਦੇ ਕਾਰਖਾਨੇ ਹੋਂਦ ਵਿਚ ਆ ਗਏ। ਖੱਦਰ, ਘਰ ਵਿਚ ਤਿਆਰ ਕਰਨ ਲਈ ਚਰਖਿਆਂ ਦੀ ਲੋੜ ਪੈਂਦੀ ਸੀ। ਟਾਹਲੀ ਦੇ ਬਣੇ ਚਰਖੇ ਨੂੰ ਵਧੀਆ ਮੰਨਿਆ ਜਾਂਦਾ ਸੀ। ਕਿੱਕਰ ਦੀ ਲੱਕੜ ਭਾਰੀ ਮੰਨੀ ਜਾਂਦੀ ਸੀ। ਜੇ ਕਿਸੇ ਨਾਰ ਦਾ ਚਰਖਾ ਕਿੱਕਰ ਦਾ ਹੁੰਦਾ ਤਾਂ ਉਹ ਆਪਣਾ ਦੁੱਖ ਆਪਣੇ ਕੰਤ ਨੂੰ ਇਉਂ ਦੱਸਦੀ ਸੀ-

**ਚਰਖਾ ਮੇਰਾ ਕਿੱਕਰ ਦਾ, ਤੂੰ ਟਾਹਲੀ ਦਾ ਬਣਵਾ ਦੇ।**
**ਚਰਖਾ ਮੇਰਾ ਭਾਰਾ ਗਿੜਦਾ, ਛੱਤੀ ਮਾਹਲਾਂ ਖਾਵੇ।**
**ਹਾਣ ਦੀਆਂ ਤਾਂ ਕੱਤ ਕੇ ਸੌਂ ਗੀਆਂ, ਮੈਥੋਂ ਕੱਤਿਆ ਨਾ ਜਾਵੇ।**
**ਚਰਖਾ ਬੂ ਚੰਦਰਾ, ਅੱਲ੍ਹੜਾਂ ਦੀ ਨੀਂਦ ਗੁਆਵੇ।**

ਬੋਹੀਏ, ਮੂਹੜੇ, ਸਰਪੋਸ ਅਤੇ ਖੇਤੀ ਪ੍ਰਧਾਨ ਦੇਸੀ ਸੰਦ ਹਲ ਪੰਜਾਲੀ ਆਦਿ ਦੀ ਮੰਗ ਪਹਿਲਾਂ ਵਾਲੀ ਨਹੀਂ ਰਹੀ। ਖੇਤੀ ਦੇ ਵੱਡੇ ਅਤੇ ਦੇਸੀ ਸਾਧਨਾਂ ਦੀ ਥਾਂ ਹੁਣ ਟਰੈਕਟਰ, ਬਿਜਲਈ ਮੋਟਰਾਂ, ਹਾਰਵੈਸਟਰਾਂ, ਕੰਬਾਈਨਾਂ, ਥਰੈਸ਼ਰਜ਼ ਆਦਿ ਨੇ ਲੈ ਲਈ ਹੈ, ਜਿਸ ਕਰਕੇ ਦੇਸੀ ਸੰਦ ਬਣਾਉਣ ਵਾਲੇ ਲੋਕਾਂ ਦਾ ਉਤਸ਼ਾਹ ਮੱਠਾ ਪੈ ਗਿਆ ਹੈ।

ਹੱਥਾਂ, ਬਾਹਾਂ, ਪੱਟਾਂ, ਮੱਥੇ, ਛਾਤੀ, ਠੋਡੀ ਉੱਤੇ ਭਾਵ ਪੰਜਾਬੀਆਂ ਵੱਲੋਂ ਮੂੰਹ ਜਾਂ ਸਰੀਰ ਦੇ ਕਿਸੇ ਅੰਗ ਉਤੇ ਸੂਈ ਤੇ ਸੁਰਮੇ ਨਾਲ ਨਾਂ, ਬਿੰਦੀਆਂ, ਮੋਰ, ਤਿਲ ਜਾਂ ਮਨ-ਭਾਉਂਦੀਆਂ ਚੀਜ਼ਾਂ ਉਕਰਾਉਣਾ ਪੰਜਾਬੀ ਜਨ ਜੀਵਨ ਦੇ ਚੇਟਕਾਂ ਵਿਚ ਸ਼ਾਮਲ ਰਿਹਾ ਹੈ। ਇਨ੍ਹਾਂ ਨੂੰ ਤੌਤਲੇ, ਤਦੋਲੇ ਜਾਂ ਬਿੰਦ ਖਟੋਲੇ ਕਿਹਾ ਜਾਂਦਾ ਹੈ। ਬਿੰਦ ਖਟੋਲੇ ਬਣਾਉਣ ਵਾਲੇ ਕਿੱਤਾਕਾਰ ਸੁਰਮੇ ਨੂੰ ਮੱਖਣ ਵਿਚ ਰਲਾ ਕੇ ਸੂਈ ਨਾਲ ਜਿਸਮ ਤੇ ਚਿੱਤਰ ਬਣਾ ਦਿੰਦੇ ਹਨ। ਫਿਰ ਉਸ ਉਪਰ ਸੁਰਮੇ ਤੇ ਮੱਖਣ ਦਾ ਲੇਪ ਲਗਾ ਦਿੰਦੇ ਹਨ। ਜ਼ਖ਼ਮ ਭਰਨ ਉਪਰੰਤ ਬਿੰਦ-ਖਟੋਲੇ ਉਘੜ ਆਉਂਦੇ ਹਨ। ਇਹ ਲੋਕ ਸ਼ਿੰਗਾਰ ਦਾ ਅੰਗ ਰਹੇ ਹਨ। ਮਸ਼ੀਨੀ ਕਲਮ ਨਾਲ ਕੁਝ ਨਾ ਕੁਝ ਉਕਰਾਉਣ ਵਾਲੇ ਨੱਢੇ-ਨੱਢੀਆਂ ਮੇਲਿਆਂ-ਮੁਸਾਹਬਿਆਂ ਵਿਚ ਇਸ ਕਿੱਤੇ ਦੇ ਧਾਰਨੀ ਵਿਅਕਤੀ ਵੱਲ ਖੁਦ-ਬ-ਖੁਦ ਖਿੱਚੇ ਆਉਂਦੇ ਸਨ। ਇਸ ਪ੍ਰਕਾਰ ਕਿੱਤਾਕਾਰ ਵੱਲੋਂ ਉਕਰੇ ਨਾਂ-ਨਿਸ਼ਾਨ ਮਨੁੱਖ ਦੇ ਸਰੀਰ ਤੋਂ ਮਰਦੇ ਦਮ ਤੱਕ ਖਤਮ ਨਹੀਂ ਹੁੰਦੇ ਪਰ ਜਿਉਂ-ਜਿਉਂ ਆਧੁਨਿਕੀਕਰਨ ਦਾ ਰੁਝਾਨ ਪੰਜਾਬੀ ਸੱਭਿਆਚਾਰ ਨੂੰ ਜਕੜਦਾ ਜਾ ਰਿਹਾ ਹੈ ਤਿਉਂ-ਤਿਉਂ ਇਸ ਕਿੱਤੇ ਤੇ ਉਪਜੀਵਕਾ ਕਮਾਉਣ ਵਾਲੇ ਇਸ ਕਿੱਤੇ ਨੂੰ ਛੱਡ ਕੇ ਹੋਰ ਕਿੱਤੇ ਅਪਨਾਉਣ ਲਈ ਮਜ਼ਬੂਰ ਹੋ ਰਹੇ ਹਨ। ਅੱਜ ਏਡਜ਼ ਦੀ ਬੀਮਾਰੀ ਦੇ ਡਰ ਕਾਰਨ ਨੌਜਵਾਨ ਸਰੀਰ ਤੇ ਨਾਂ ਜਾਂ ਹੋਰ ਕਲਾਤਮਕ ਵਸਤਾਂ ਉਕਰਾਉਣ ਤੋਂ ਪਿੱਛੇ ਹੱਟ ਗਏ ਹਨ। ਇਸ ਕਰਕੇ ਮੇਲਿਆਂ ਵਿਚ ਇਹ ਕਿੱਤਾ ਕਰਨ ਵਾਲੇ ਨਾਮਾਤਰ ਹੀ ਦਿਖਾਈ ਦਿੰਦੇ ਹਨ। ਕਬੀਲਿਆਂ ਦੇ ਲੋਕ ਤੰਦੋਲੇ ਭੂਤ-ਪ੍ਰੇਤਾਂ ਤੇ ਬੁਰੀ ਨਜ਼ਰ ਦੇ ਪ੍ਰਭਾਵ ਤੋਂ ਬਚਣ ਲਈ ਉਕਰਾਉਂਦੇ ਸਨ।

ਪੱਖੀਆਂ ਬੁਣਨ ਦਾ ਕੰਮ ਅਜੇ ਕੁਝ ਹੋਂਦ ਵਿਚ ਹੈ ਕਿਉਂਕਿ ਬਿਜਲੀ ਜਾਣ ਸਮੇਂ ਇਹੀ ਪੱਖੀਆਂ ਸਾਡੀ ਲੋੜ ਪੂਰੀ ਕਰਦੀਆਂ ਹਨ। ਜਿਨ੍ਹਾਂ ਘਰਾਂ ਵਿਚ ਜਨਰੇਟਰ ਜਾਂ ਇਨਵਰਟਰ ਲੱਗੇ ਹੋਏ ਹਨ ਉਨ੍ਹਾਂ ਤੋਂ ਬਿਨਾਂ ਬਾਕੀਆਂ ਲਈ ਗਰਮੀਆਂ ਵਿਚ ਬਿਜਲੀ ਜਾਣ ਤੇ ਪੱਖੀਆਂ ਵਰਤਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ। ਵੈਸੇ ਪਿਛਲੇ ਦਹਾਕੇ ਤੱਕ ਪੱਖੀਆਂ ਬੜੇ ਚਾਅ ਅਤੇ ਰੀਝਾਂ ਨਾਲ ਬੁਣੀਆਂ ਜਾਂਦੀਆਂ ਸਨ। ਮਲਮਲ, ਰਿਬਨ, ਸਿਤਾਰੇ, ਮੋਤੀ, ਘੁੰਗਰੂ, ਫੁੱਲ-ਬੂਟੇ ਆਦਿ ਪਾ ਕੇ ਪੱਖੀਆਂ ਨੂੰ ਖ਼ੂਬ ਸਜਾਇਆ ਜਾਂਦਾ ਸੀ ਪਰੰਤੂ ਅੱਜਕਲ੍ਹ ਡੰਗ-ਟਪਾਊ ਕੰਮ ਹੀ ਕੀਤਾ ਜਾਂਦਾ ਹੈ। ਡੰਡੀ ਤੇ ਲੱਗੀਆਂ ਸ਼ੀਸ਼ੇ ਵਾਲੀਆਂ ਪੱਖੀਆਂ ਘੱਟ ਹੀ ਨਜ਼ਰ ਆਉਂਦੀਆਂ ਹਨ। ਅਜੋਕੇ ਸਮੇਂ ਵਿਚ ਬਾਂਸ, ਮੋਰ ਦੇ ਖੰਭਾਂ ਅਤੇ ਪਲਾਸਟਿਕ ਵਾਲੀਆਂ ਪੱਖੀਆਂ ਵੀ ਬਣਨ ਲੱਗ ਪਈਆਂ ਹਨ। ਇਨ੍ਹਾਂ ਪੱਖੀਆਂ ਦੀ ਹਵਾ ਬਹੁਤੀ ਨਹੀਂ ਹੁੰਦੀ ਪਰ ਲੋਹੇ ਦੇ ਸਟੈਂਡ ਅਤੇ ਲੱਕੜ ਦੀ ਡੰਡੀ ਵਾਲੀਆਂ ਪੱਖੀਆਂ ਉਤੇ ਝਾਲਰਾਂ ਅਜੇ ਵੀ ਲਾਈਆਂ ਜਾਂਦੀਆਂ ਹਨ ਕਿਉਂਕਿ ਭਾਰੀ ਝਾਲਰ ਵਾਲੀਆਂ ਪੱਖੀਆਂ ਦੀ ਹਵਾ ਬਹੁਤ ਆਉਂਦੀ ਹੈ। ਇਹ ਪੱਖੀਆਂ ਵਧੇਰੇ ਹਵਾ ਦੇਣ ਦੇ ਨਾਲ-ਨਾਲ ਸੁੰਦਰ ਵੀ ਵਿਖਾਈ ਦਿੰਦੀਆਂ ਹਨ। ਕਿਸੇ ਮੁਟਿਆਰ ਦੀ ਮਖ਼ਮਲ ਦੀ ਘੁੰਗਰੂਆਂ ਵਾਲੀ ਪੱਖੀ ਲੈਣ ਦੀ ਤਾਂਘ ਇਸ ਗੀਤ ਵਿਚੋਂ ਪ੍ਰਤੱਖ ਉਜਾਗਰ ਹੁੰਦੀ ਹੈ –

**ਵੇ ਲੈ ਦੇ ਮੈਨੂੰ ਮਖ਼ਮਲ ਦੀ, ਪੱਖੀ ਘੁੰਗਰੂਆਂ ਵਾਲੀ।**

ਅਨੇਕ ਪ੍ਰਕਾਰ ਦੇ ਪੇਂਡੂ ਕਿੱਤਿਆਂ ਦੇ ਖਤਮ ਹੋਣ ਕਰਕੇ ਪੰਜਾਬੀ ਔਰਤਾਂ ਵਿਚ ਉਦਾਸੀਨਤਾ ਦਾ ਭਾਵ ਪੈਦਾ ਹੋ ਰਿਹਾ ਹੈ ਕਿਉਂਕਿ ਪਹਿਲਾਂ ਇਨ੍ਹਾਂ ਕਿੱਤਿਆਂ ਵਿਚ ਪੇਂਡੂ ਸੁਆਣੀ ਰੁੱਝੀ ਰਹਿੰਦੀ ਸੀ। ਇਹ ਰੁਝੇਂਵੇ ਪਰਸਪਰ ਸਾਂਝ ਵੀ ਬਣਾਈ ਰੱਖਦੇ ਸਨ ਅਤੇ ਇਕੱਠੀਆਂ ਕੰਮ ਕਰਦੀਆਂ ਸੁਆਣੀਆਂ ਦਾ ਮਨੋਰੰਜਨ ਵੀ ਕਰਦੇ ਸਨ।

ਬਿਨ੍ਹਾਂ ਸ਼ੱਕ ਪੰਜਾਬੀ ਸਮਾਜ ਦੇ ਪੇਂਡੂ ਕਿੱਤੇ ਖਤਮ ਹੁੰਦੇ ਜਾ ਰਹੇ ਹਨ ਅਤੇ ਮੱਖੀਆਂ ਪਾਲਣ, ਮੁਰਗੀ ਪਾਲਣ, ਸੂਰ ਪਾਲਣ ਅਤੇ ਮੱਛੀ ਪਾਲਣ ਆਦਿ ਵਰਗੇ ਕਿੱਤੇ ਨਵੀਨ ਸਿੱਖਿਆ ਦੇ ਪ੍ਰਭਾਵ ਅਧੀਨ ਵਧਦੇ ਜਾ ਰਹੇ ਹਨ। ਇਸ ਤੱਥ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਵਿਸਰ ਗਏ ਜਾਂ ਵਿਸਰ ਰਹੇ ਪੇਂਡੂ ਕਿੱਤਿਆਂ ਦੀ ਯਾਦ ਹਮੇਸ਼ਾ ਲਈ ਸਾਡੇ ਮਨਾਂ ਵਿਚ ਉਕਰੀ ਰਹੇਗੀ।

ਪੁਰਾਤੱਤਵ ਅਤੇ ਸਭਿਆਚਾਰਕ ਵਿਭਾਗਾਂ ਵੱਲੋਂ ਇਨ੍ਹਾਂ ਕਿੱਤਿਆਂ ਨਾਲ ਸੰਬੰਧਤ ਸੰਦਾਂ ਅਤੇ ਉਨ੍ਹਾਂ ਤੋਂ ਬਣੀਆਂ ਵਸਤਾਂ ਨੂੰ ਸੰਭਾਲਿਆ ਜਾਣਾ ਬਹੁਤ ਜ਼ਰੂਰੀ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਇਸ ਅਨਮੋਲ ਵਿਰਾਸਤ ਬਾਰੇ ਦੱਸਿਆ ਜਾ ਸਕੇ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ ’ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਵਿਸਰ ਰਹੀਆਂ ਖੇਡਾਂ

ਮਨੁੱਖ ਦੀ ਜ਼ਿੰਦਗੀ ਦੇ ਤਿੰਨ ਅਹਿਮ ਪੜਾਅ ਹੁੰਦੇ ਹਨ- ਬਚਪਨ, ਜਵਾਨੀ ਅਤੇ ਬੁਢਾਪਾ। ਇਨ੍ਹਾਂ ਤਿੰਨਾਂ ਵਿਚੋਂ ਜੋ ਅਹਿਮ ਪੜਾਅ ਮਨੁੱਖੀ ਜ਼ਿੰਦਗੀ ਵਿਚ ਆਉਂਦਾ ਹੈ ਉਹ ਹੈ ਬਚਪਨ। ਜੀਵਨ ਦੇ ਇਸ ਪੜਾਅ ਦੀਆਂ ਖੱਟੀਆਂ-ਮਿੱਠੀਆਂ ਘਟਨਾਵਾਂ ਇਨਸਾਨ ਨੂੰ ਪੂਰੀ ਜ਼ਿੰਦਗੀ ਯਾਦ ਰਹਿੰਦੀਆਂ ਹਨ ਅਤੇ ਉਸ ਦੁਆਰਾ ਖੇਡੀਆਂ ਖੇਡਾਂ ਵੀ ਉਸ ਨੂੰ ਭੁਲਾਇਆਂ ਨਹੀਂ ਭੁੱਲਦੀਆਂ। ਪਹਿਲਾਂ ਬੱਚੇ ਛੂਹਣ-ਛੁਹਾਈ, ਕੋਟਲਾ ਛਪਾਕੀ, ਬਾਂਦਰ-ਕੀਲਾ, ਜੰਜ਼ੀਰ-ਛੂਹ, ਲੁਕਣ-ਮੀਚੀ, ਚੰਬਾ, ਭੰਡਾ ਭੰਡਾਰੀਆ, ਪਿੱਠੂ ਕਾਇਮ, ਉਚ-ਨੀਚ, ਖਿੱਦੋ-ਖੂੰਡੀ, ਅੱਡੀ ਜਮਾਈ, ਗੇਂਦ ਠੀਕਰੀਆਂ, ਖਿੱਦੂ ਕੁੱਟ, ਕਾਨਾ ਘੋੜੀ, ਸ਼ੱਕਰ ਭੁੱਜੀ, ਜੰਗ ਪਲੰਗਾ ਆਦਿ ਵਰਗੀਆਂ ਰਵਾਇਤੀ ਖੇਡਾਂ ਖੇਡ ਕੇ ਆਪਣਾ ਦਿਲ-ਪ੍ਰਚਾਵਾ ਕਰਦੇ ਸਨ। ਇਨ੍ਹਾਂ ਵਿਚੋਂ ਕਈ ਖੇਡਾਂ ਖੇਡਣ ਤੋਂ ਪਹਿਲਾਂ ਵਾਰੀ ਮਿੱਥੀ ਜਾਂਦੀ ਸੀ। ਵਾਰੀ ਮਿੱਥਣ ਲਈ ਬੱਚੇ ਪੁੱਗਦੇ ਸਨ ਅਤੇ ਜੋਬੱਚਾ ਆਖਰ ਵਿਚ ਪੁੱਗਣੋਂ ਰਹਿ ਜਾਂਦਾ ਸੀ ਉਸ ਬੱਚੇ ਸਿਰ ਵਾਰੀ ਆ ਜਾਂਦੀ। ਖੁੱਲ੍ਹੇ ਆਸਮਾਨ ਹੇਠ ਖੇਡੀਆਂ ਜਾਣ ਵਾਲੀਆਂ ਰਵਾਇਤੀ ਖੇਡਾਂ ਜਿਥੇ ਬੱਚੇ ਦਾ ਮਨੋਰੰਜਨ ਕਰਦੀਆਂ ਸਨ ਉਥੇ ਉਸ ਦਾ ਸਰੀਰਕ ਤੇਮਾਨਸਿਕ ਵਿਕਾਸ ਵੀ ਕਰਦੀਆਂ ਸਨ। ਇਹ ਖੇਡਾਂ ਬੱਚੇ ਨੂੰ ਚੁਸਤ-ਫੁਰਤ ਅਤੇ ਅਰੋਗ ਰੱਖਣ ਵਿਚ ਵੀ ਸਹਾਈ ਹੁੰਦੀਆਂ ਸਨ ਕਿਉਂਕਿ ਇਨ੍ਹਾਂ ਖੇਡਾਂ ਨਾਲ ਬੱਚੇ ਦੀ ਚੰਗੀ ਸਰੀਰਕ ਕਸਰਤ ਹੋ ਜਾਂਦੀ ਸੀ।

ਬਦਲੇ ਸਮੇਂ ਦੇ ਨਾਲ ਜਿਥੇ ਹਰ ਖੇਤਰ ਵਿਚ ਤਬਦੀਲੀ ਆਈ ਹੈ, ਉਥੇ ਇਸ ਵਿਗਿਆਨ ਤੇ ਕੰਪਿਊਟਰ ਦੇ ਯੁੱਗ ਨੇ ਬੱਚਿਆਂ ਦੀਆਂ ਖੇਡਾਂ ਅਤੇ ਉਨ੍ਹਾਂ ਦੇ ਮਨੋਰੰਜਨ ਦੇ ਸਾਧਨ ਵੀ ਬਦਲ ਦਿੱਤੇ ਹਨ। 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਦੀਆਂ ਆਵਾਜ਼ਾਂ ਪੁਰਾਤਨ ਸਮਿਆਂ ਵਿਚ ਗੂੰਜਿਆ ਕਰਦੀਆਂ ਸਨ। ਸ਼ਾਇਦ ਹੀਹੁਣ ਕਿਸੇ ਬੱਚੇ ਨੂੰ ਪਤਾ ਹੋਵੇਗਾ ਕਿ 'ਬਾਬਾ ਤੇਰੀਆਂ ਉਚਾਂ ਉੱਤੇ' ਦਾ ਕੀ ਅਰਥ ਹੈ ਅਤੇ ਇਹ ਸ਼ਬਦ ਕਿਹੜੀ ਖੇਡ ਵਿਚ ਕਦੋਂ ਵਰਤੇ ਜਾਂਦੇ ਸਨ। ਪਰ ਹੁਣ ਇਹ ਸਭ ਕੁਝ ਅਲੋਪ ਹੋ ਚੁੱਕਾ ਹੈ। ਹੁਣ ਬੱਚੇ ਇਨ੍ਹਾਂ ਖੇਡਾਂ ਨੂੰ ਛੱਡ ਕੇ ਬੰਦ ਕਮਰੇ ਵਾਲੀਆਂ ਖੇਡਾਂ ਖੇਡਣੀਆਂ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਬੱਚੇ ਸਵੇਰੇ ਸਵੇਰੇ ਹੀ ਸਕੂਲਾਂ ਨੂੰ ਚਲੇ ਜਾਂਦੇ ਹਨ। ਦੁਪਹਿਰ ਤੋਂ ਬਾਅਦ ਬੱਚੇ ਘਰ ਵਾਪਸ ਆਉਂਦੇ ਹਨ, ਥੋੜ੍ਹਾ ਚਿਰ ਆਰਾਮ ਕਰਦੇ ਹਨ, ਫਿਰ ਹੋਮ-ਵਰਕ ਕਰਨ ਲੱਗ ਪੈਂਦੇ ਹਨ। ਕੰਪਿਊਟਰ ਗੇਮਾਂ ਅਤੇ ਵੀਡੀਓ ਗੇਮਾਂ ਨੂੰ ਇਨ੍ਹਾਂ ਰਵਾਇਤੀ ਖੇਡਾਂ ਦੀ ਮਹੱਤਤਾ ਅਤੇ ਗੁਣਾਂ ਨੂੰ ਢੱਕ ਲਿਆ ਹੈ, ਅੱਜ ਦੇ ਬੱਚੇ ਨੂੰ ਇਨ੍ਹਾਂ ਰਵਾਇਤੀ ਖੇਡਾਂ ਦਾ ਨਜ਼ਾਰਾ ਮਾਨਣਾ ਨਸੀਬ ਨਹੀਂ ਹੋ ਰਿਹਾ।

ਰਵਾਇਤੀ ਖੇਡਾਂ ਖਤਮ ਹੋਣ ਦੇ ਕਈ ਕਾਰਨ ਹਨ, ਜਿਵੇਂ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਪੈਣ ਕਾਰਨ ਬੱਚਿਆਂ ਅੰਦਰ ਫੈਸ਼ਨ ਪ੍ਰਤੀ ਉਤਸ਼ਾਹ ਵਧਿਆ ਹੈ। ਫੈਸ਼ਨ ਕਰਕੇ ਆਪਣੀ ਦਿੱਖ ਨੂੰ ਸੋਹਣਾ ਬਣਾਉਣਾ ਚਾਹੁੰਦੇ ਹਨ ਅਤੇ ਆਪਣੇ ਸਰੀਰ ਨੂੰ ਪਤਲਾ ਅਤੇ ਚੁਸਤ ਬਣਾਉਣਾ ਚਾਹੁੰਦੇ ਹਨ ਅਤੇ ਖਾਣ-ਪੀਣ ਵਿਚ ਵੀ ਹਲਕੀਆਂ ਚੀਜ਼ਾਂ ਦੀ ਵਰਤੋਂ ਕਰਦੇ ਹਨ। ਬੱਚਿਆਂ ਵਿਚ ਇਕੱਠਿਆਂ ਰਹਿ ਕੇ ਖੇਡਣ ਦੀ ਆਦਤ ਵੀ ਬਦਲ ਗਈ ਹੈ ਕਿਉਂਕਿ ਬੱਚਾ ਇਕੱਲਾ ਕਮਰੇ ਅੰਦਰ ਗੇਮਾਂ ਖੇਡਣੀਆਂ ਪਸੰਦ ਕਰਦਾ ਹੈ। ਮਾਵਾਂ ਦੀ ਸੋਚ ਵੀ ਬਦਲੀ ਹੈ। ਉਹ ਚਾਹੁੰਦੀਆਂ ਹਨਕਿ ਉਸ ਦਾ ਬੱਚਾ ਮਿੱਟੀ-ਘੱਟੇ ਵਾਲੀਆਂ ਖੇਡਾਂ ਨਾ ਖੇਡੇ। ਉਨ੍ਹਾਂ ਅੰਦਰ ਸਾਫ-ਸੁਥਰੇ ਰਹਿਣ ਦੀ ਬਿਰਤੀ ਆ ਗਈ ਹੈ ਅਤੇ ਪਿੰਡਾਂ ਵਿਚ ਖੇਡ ਮੈਦਾਨ ਦੀ ਕਮੀ ਵੀ ਆ ਗਈ ਹੈ ਕਿਉਂਕਿ ਪਹਿਲਾਂ ਖੁੱਲ੍ਹੇ ਥਾਵਾਂ ਉੱਪਰ ਬੱਚੇ ਅਕਸਰ ਆਪਣੀਆਂ ਖੇਡਾਂ ਖੇਡਿਆ ਕਰਦੇ ਸਨ। ਇਨ੍ਹਾਂ ਕੰਪਿਊਟਰ ਗੇਮਾਂ ਅਤੇ ਟੀ.ਵੀ. ਕਾਰਨ ਬੱਚਿਆਂ ਦੀਆਂ ਨਜ਼ਰਾਂ ਉੱਪਰ ਮਾੜਾ ਅਸਰ ਪੈ ਰਿਹਾ ਹੈ। ਇਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਐਨਕਾਂ ਲੱਗ ਰਹੀਆਂ ਹਨ। ਜਿਸ ਕਾਰਨ ਦਿਮਾਗ ਤੇ ਬੋਝ ਵਧ ਰਿਹਾ ਹੈ। ਬੱਚਾ ਸਰੀਰਕ ਤੌਰ 'ਤੇ ਕਮਜ਼ੋਰ ਹੁੰਦਾ ਜਾ ਰਿਹਾ ਹੈ ਅਤੇ ਉਸ ਦੀ ਯਾਦ ਸ਼ਕਤੀ ਵੀ ਕਮਜ਼ੋਰ ਹੁੰਦੀ ਜਾ ਰਹੀ ਹੈ।

ਹੁਣ ਤਾਂ ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾਈ ਵਿਚ ਹੁਸ਼ਿਆਰ ਬਣਾਉਣ ਲਈ ਲੱਗੇ ਹੋਏ ਹਨ। ਅਸੀਂ ਬੱਚੇ ਦੀ ਜ਼ਿੰਦਗੀ ਨੂੰ ਏਨੀ ਰੁਝੇਵਿਆਂ ਭਰੀ ਬਣਾ ਦਿੱਤਾ ਹੈ ਕਿ ਉਸ ਕੋਲ ਇਨ੍ਹਾਂ ਖੇਡਾਂ ਬਾਰੇ ਸੋਚਣ ਤੱਕ ਦਾ ਵੀ ਸਮਾਂ ਨਹੀਂ, ਖੇਡਣਾ ਤਾਂ ਇਕ ਪਾਸੇ ਰਿਹਾ। ਸ਼ਾਮ ਵੇਲੇ ਬੱਚਿਆਂ ਨੂੰ ਸੌਣ ਤੋਂ ਪਹਿਲਾਂ ਦਾਦੀ ਜਾਂ ਨਾਨੀ 'ਬਾਤਾਂ' ਸੁਣਾਇਆ ਕਰਦੀਆਂ ਸਨ। ਇਹ ਬਾਤਾਂ ਸਿੱਖਿਆ ਅਤੇ ਮਨੋਰੰਜਨ ਨਾਲ ਭਰਪੂਰ ਹੁੰਦੀਆਂ ਸਨ ਪਰ ਹੁਣ ਇਹ ਬਾਤਾਂ ਵੀ ਅਲੋਪ ਹੋ ਚੁੱਕੀਆਂ ਹਨ। ਇਸ ਤਰ੍ਹਾਂ ਅਸੀਂ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਕਹਾਵਤ ਅਨੁਸਾਰ ਜਿਥੇ ਸਮੇਂ ਦੀ ਤਬਦੀਲੀ ਨਾਲ ਬੱਚਿਆਂ ਦੇ ਮਨੋਰੰਜਨ ਦੇ ਸਾਧਨ ਅਤੇ ਖੇਡਾਂ ਨੂੰ ਬਦਲ ਦਿੱਤਾ ਹੈ ਉਥੇ ਆਪਣੇ ਸੱਭਿਆਚਾਰ ਦੇ ਇਕ ਅਹਿਮ ਅੰਗ ਨੂੰ ਆਪ ਹੀ ਨਕਾਰਾ ਕਰਕੇ ਰੱਖ ਦਿੱਤਾ ਹੈ। ਬੱਚਿਆਂ ਨੂੰ ਫਿਰ ਤੋਂ ਖੁੱਲ੍ਹੇ ਆਸਾਮਾਨ ਹੇਠ ਖੇਡੀਆਂ ਜਾਣ ਵਾਲੀਆਂ ਖੇਡਾਂ ਵੱਲ ਪ੍ਰੇਰਤ ਕਰੀਏ ਤਾਂ ਜੋ ਉਹ ਵਿੱਸਰ ਰਹੀਆਂ ਖੇਡਾਂ ਨੂੰ ਦੁਬਾਰਾ ਅਪਣਾ ਕੇ ਆਪਣੇ ਬਚਪਨ ਨੂੰ ਖੁਸ਼ੀਆਂ ਖੇੜਿਆਂ ਨਾਲ ਭਰ ਸਕਣ।

**ਸੁਖਜੀਤ ਸਿੰਘ**

# ਭੈਣਾਂ ਅਤੇ ਵੀਰ ਦੇ ਰਿਸ਼ਤੇ ਦਾ ਨਿੱਘ - ਰੱਖੜੀ

ਭੈਣਾਂ ਅਤੇ ਵੀਰ ਦੇ ਰਿਸ਼ਤੇ ਦਾ ਨਿੱਘ ਇਕ ਸਮਾਜਿਕ ਰਸਮ ਦੇ ਨਾਲ ਪੰਜਾਬੀ ਸੱਭਿਆਚਾਰ ਦਾ ਅੰਗ ਬਣ ਚੁੱਕਾ ਹੈ ਰੱਖੜ ਪੁੰਨਿਆ ਦਾ ਤਿਉਹਾਰ। ਰੱਖੜੀ ਦਾ ਇਤਿਹਾਸ ਕਿਤੇ ਵੀ ਸਿੱਖ ਇਤਿਹਾਸ ਨਾਲ ਜਾਂ ਬਾਬਾ ਬਕਾਲਾ ਸਾਹਿਬ ਨਾਲ ਕਿਸੇ ਵੀ ਤਰ੍ਹਾਂ ਜੁੜਿਆ ਹੋਇਆ ਨਹੀਂ ਹੈ।

ਰਿਸ਼ਤਿਆਂ ਦੀ ਧੂੜ ਵਿਚੋਂ ਭੈਣ-ਭਰਾ ਦਾ ਰਿਸ਼ਤਾ ਪਵਿੱਤਰਤਾ ਦੇ ਨਕਸ਼ ਉਘਾੜਦਾ ਹੈ। ਦੁਨੀਆਂ ਦੇ ਸਮੁੱਚੇ ਰਿਸ਼ਤਿਆਂ ਵਿਚੋਂ ਭੈਣ-ਭਰਾ ਦਾ ਰਿਸ਼ਤਾ ਸਰਵੋਤਮ ਹੈ। ਭੈਣ ਦੇ ਚਾਵਾਂ ਦੀ ਮਹਿਕ ਉਨ੍ਹਾਂ ਰਾਹਾਂ ਵਿਚ ਖਿਲਰ ਜਾਂਦੀ ਹੈ ਜਿਨ੍ਹਾਂ ਰਾਹਾਂ ਉਤੋਂ ਉਸ ਦਾ ਵੀਰ ਗੁਜਰਦਾ ਹੈ। ਵੀਰ ਪਿਆਰ ਦੇ ਅਹਿਸਾਸ ਦੀ ਘਾਟ ਤਾਂ ਉਨ੍ਹਾਂ ਭੈਣਾਂ ਦੇ ਸੱਖਣੇ ਦਿਲ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਦੇ ਹੱਥ ਹਰ ਸਾਲ ਆਪਣੇ ਵੀਰਾਂ ਦੇ ਗੁੱਟਾਂ ਉਪਰ ਰੱਖੜੀ ਬੰਨ੍ਹਣ ਲਈ ਤਰਸਦੇ ਰਹਿੰਦੇ ਹਨ।

ਪੰਜਾਬੀ ਲੋਕ ਗੀਤਾਂ ਵਿਚ ਜਿਥੇ ਵਿਭਿੰਨ ਰਿਸ਼ਤੇ ਮਸਲਿਨ ਦਿਉਰ, ਭਰਜਾਈ, ਜੇਠ, ਜੇਠਾਣੀ, ਸੱਸ, ਸਹੁਰਾ, ਨਣਾਨ, ਜੀਜਾ, ਸਾਲੀ ਆਦਿ ਰੂਪਮਾਨ ਹੋਏ ਹਨ ਉਥੇ ਭੈਣ ਤੇ ਭਰਾ ਦੇ ਪਵਿੱਤਰ ਰਿਸ਼ਤੇ ਨੂੰ ਪੰਜਾਬੀ ਲੋਕ ਗੀਤਾਂ ਨੇ ਖਾਸ ਤੌਰ 'ਤੇ ਬੜੇ ਸੁਚੱਜੇ ਢੰਗ ਨਾਲ ਚਿਤਰਿਆ ਹੈ। ਵੀਰ ਤੋਂ ਵਿਹੂਣੀ ਭੈਣ ਰੱਬ ਅੱਗੇ ਅਰਜ਼ੋਈਆਂ ਕਰਦੀ ਹੈ ਕਿ ਉਹ ਇਕ ਵੀਰ ਉਸ ਨੂੰ ਜ਼ਰੂਰ ਦੇਵੇ। ਸਾਲ ਬਾਅਦ ਜਦ ਰੱਖੜੀ ਦਾ ਤਿਉਹਾਰ ਆਉਂਦਾ ਹੈ ਤਾਂ ਉਸਦੀਆਂ ਸਧਰਾਂ ਤੇ ਚਾਅ ਮਾਨੋ ਕੁਮਲਾ ਜਾਂਦੇ ਹਨ। ਰੱਬ ਕੋਲੋਂ ਇਕੋ ਵੀਰ ਮੰਗਦੀ ਹੋਈ ਉਹ ਤਰਲਾ ਕਰ ਉਠਦੀ ਹੈ -

**ਇਕ ਵੀਰ ਦਈਂ ਵੇ ਰੱਬਾ,**
**ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।**

ਜਿਨ੍ਹਾਂ ਰਾਹਾਂ ਥਾਣੀਂ ਭੈਣ ਦਾ ਵੀਰ ਲੰਘ ਜਾਂਦਾ ਹੈ ਉਨ੍ਹਾਂ ਰਾਹਾਂ ਉਪਰਲੇ ਰੁੱਖਾਂ ਨੂੰ ਵੀ ਪਤਾਸੇ ਲੱਗ ਜਾਂਦੇ ਹਨ-

**ਉਹਨਾਂ ਕਿੱਕਰਾਂ ਨੂੰ ਲੱਗਣ ਪਤਾਸੇ,**
**ਜਿਥੋਂ ਮੇਰਾ ਵੀਰ ਲੰਘਿਆ।**

ਤੇ ਫੇਰ ਜਦੋਂ ਭੈਣ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਉਸ ਦਾ ਦਿਲ ਵੀਰ ਪਿਆਰ ਲਈ ਮਚਲ ਉਠਦਾ ਹੈ। ਉਸਨੂੰ ਵੀਰ ਦੀ ਯਾਦ ਸਤਾਉਂਦੀ ਹੈ।ਆਪਣੇ ਅੰਮੀ ਜਾਏ ਵੀਰ ਨੂੰ ਜੀ ਭਰਕੇ ਤੱਕਣ ਲਈ ਉਸਦਾ ਹਿਰਦਾ ਤਰਲੋਮੱਛੀ ਹੋ ਉਠਦਾ ਹੈ ਤੇ ਉਹ ਪੁਕਾਰ ਉਠਦੀ ਹੈ-

**ਵੀਰਾ ਆਈਂ ਵੇ ਭੈਣ ਦੇ ਵਿਹੜੇ,**
**ਪੁੰਨਿਆ ਦਾ ਚੰਨ ਬਣਕੇ।**

ਵੀਰ ਦੇ ਵਿਆਹ ਦਾ ਵੀ ਭੈਣ ਨੂੰ ਲੋਹੜੇ ਦਾ ਚਾਅ ਹੁੰਦਾ ਹੈ। ਆਪਣੇ ਵੀਰ ਦੇ ਵਿਆਹ ਦੀ ਖੁਸ਼ੀ ਵਿਚ ਮਾਨੋ ਉਸਦੀ ਧਰਤੀ 'ਤੇ ਅੱਡੀ ਨਹੀਂ ਲੱਗਦੀ। ਉਹ ਤਾਂ ਵੀਰ ਤੋਂ ਸਭ ਕੁਝ ਨਿਛਾਵਰ ਕਰ ਸਕਦੀ ਹੈ। ਜਲਦੀ ਵਿਆਹ ਕਰਵਾਉਣ ਲਈ ਉਹ ਆਪਣੇ ਵੀਰ ਨੂੰ ਕਹਿ ਉਠਦੀ ਹੈ-

**ਤੈਨੂੰ ਨੱਤੀਆਂ ਭਾਬੋ ਨੂੰ ਪਿੱਪਲ ਪੱਤੀਆਂ,**
**ਵਿਆਹ ਕਰਵਾ ਵੀਰਨਾ।**

ਉਸਦਾ ਵੀਰ ਜਦੋਂ ਵਿਆਹ ਕਰਵਾ ਕੇ ਚੰਨ ਜਿਹੀ ਵਹੁਟੀ ਲੈ ਆਉਂਦਾ ਹੈ। ਆਪਣੀ ਭਾਬੀ ਦੇ ਮੁੱਖੜੇ ਤੋਂ ਘੁੰਡ ਚੁੱਕਦੀ ਹੋਈ ਉਹ ਖੁਸ਼ੀ ਵਿਚ ਬਾਵਰੀ ਹੋ ਕੇ ਪੁਕਾਰ ਉਠਦੀ ਹੈ -

**ਵੀਰ ਮੇਰਾ ਨੀ ਸਰੂ ਦਾ ਬੂਟਾ,**
**ਭਾਬੋ ਮੇਰੀ ਤੂਤ ਦੀ ਛਿਟੀ।**

ਉਸਦੀ ਸੱਸ ਦੇ ਅੱਖੜ ਸੁਭਾਅ ਨੂੰ ਉਸਦੇ ਵੀਰ ਦੀ ਆਮਦ ਨਾਲ ਜਿਵੇਂ ਸੱਪ ਸੁੰਘ ਜਾਂਦਾ ਹੈ। ਸੱਸ ਦੀਆਂ ਵਧੀਕੀਆਂ ਤੋਂ ਬੇਜ਼ਾਰ ਹੋ ਕੇ ਉਹ ਆਪਣੇ ਵੀਰ ਨੂੰ ਆਵਾਜ਼ ਮਾਰਦੀ ਹੈ -

**ਸੱਸ ਚੰਦਰੀ ਕੁੰਡਾ ਨਾ ਖੋਲ੍ਹੇ,**
**ਕੋਠੇ ਕੋਠੇ ਆਜਾ ਵੀਰਨਾ।**

ਬਾਬਲ ਦੇ ਵਿਹੜੇ ਵਿਚ ਗੁੱਡੀਆਂ ਪਟੋਲੇ ਖੇਡ ਕੇ ਜਵਾਨ ਹੋਈ ਭੈਣ ਦੀ ਸਾਂਝ ਆਪਣੇ ਮਾਂ-ਪਿਉ ਜਾਏ ਵੀਰ ਨਾਲ ਆਖਰੀ ਸੁਆਸਾਂ ਤੱਕ ਚਿਰੰਜੀਵ ਰਹਿੰਦੀ ਹੈ। ਜਦੋਂ ਵੀਰ ਦੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਮਾਨੋ ਬਾਬਲ ਦੇ ਵਿਹੜੇ ਵਿਚ ਚੰਨ ਚੜ੍ਹ ਜਾਂਦਾ ਹੈ-

**ਚੰਨ ਚੜ੍ਹਿਆ ਬਾਪ ਦੇ ਵਿਹੜੇ,**
**ਵੀਰ ਘਰ ਪੁੱਤ ਜੰਮਿਆ।**

ਉਸਦਾ ਵੀਰ ਕੰਮਾਂ ਕਾਰਾਂ ਵਿਚ ਗ਼ਲਤਾਨ ਉਸਨੂੰ ਮਿਲਣ ਲਈ ਕਿਤੇ ਕਿਤੇ ਦੇਰੀ ਕਰ ਦਿੰਦਾ ਹੈ ਤਾਂ ਭੈਣ ਦਾ ਦਿਲ ਉਦਾਸ ਹੋ ਜਾਂਦਾ ਹੈ। ਉਹ ਲੁਕ ਲੁਕ ਕੇ ਧੂੰਏਂ ਦਾ ਬਹਾਨਾ ਬਣਾ ਕੇ ਅੱਥਰੂ ਵਹਾਉਣ ਲੱਗ ਪੈਂਦੀ ਹੈ-

**ਲੱਗੇ ਜੀ ਨਾ ਧੂੰਏਂ ਦੇ ਪੱਜ ਰੋਵਾਂ,**
**ਛੇਤੀ ਗੇੜਾ ਮਾਰ ਵੀਰਨਾ।**

ਵੀਰ ਦੀ ਚਿੱਠੀ ਵੀ ਪੇਕਿਆਂ ਦੀ ਸੁਖ ਸਾਂਦ ਉਸ ਕੋਲ ਪਹੁੰਚਾਉਂਦੀ ਰਹਿੰਦੀ ਹੈ। ਦੂਰ ਪਰਦੇਸ਼ਾਂ ਵਿਚ ਬੈਠੀ ਉਹ ਵੀਰ ਦੀ ਚਿੱਠੀ ਦੀ ਉਡੀਕ ਵਿਚ ਉਤਾਵਲੀ ਹੋ ਜਾਂਦੀ ਹੈ -

**ਚਿੱਠੀ ਪਾਏ ਵੇ ਅੰਮਾਂ ਦਿਆ ਜਾਇਆ,**
**ਭੈਣ ਪਰਦੇਸਣ ਨੂੰ।**

ਜਦੋਂ ਮਹੀਨਿਆਂ ਬੱਧੀ ਉਸਨੂੰ ਆਪਣੇ ਵੀਰ ਦਾ ਸੁਖ ਸੁਨੇਹਾ ਨਹੀਂ ਆਉਂਦਾ ਤਾਂ ਉਸਦਾ ਜਿਵੇਂ ਹੀ ਪੁੱਛਿਆ ਜਾਣਦਾ ਹੈ। ਇਕ ਸਿਆਣੀ ਮਾਂ ਵਾਂਗ ਆਪਣੇ ਵੀਰ ਨੂੰ ਨਸੀਹਤਾਂ ਕਰਦੀ ਹੋਈ ਉਹ ਕਹਿ ਉਠਦੀ ਹੈ-

**ਭੈਣਾਂ ਵਰਗਾ ਸਾਕ ਨਾ ਕੋਈ,**
**ਟੁੱਟ ਕੇ ਨਾ ਬਹਿ ਜੀਂ ਵੀਰਨਾ।**

ਭੈਣ ਨੂੰ ਆਪਣੇ ਵੀਰ ਦੇ ਅਹੁਦੇ 'ਤੇ ਵੀ ਕੋਈ ਘੱਟ ਮਾਣ ਨਹੀਂ ਹੁੰਦਾ। ਆਪਣੀਆਂ ਆਂਢਣਾਂ-ਗੁਆਂਢਣਾਂ ਨੂੰ ਬੜੇ ਫ਼ਖ਼ਰ ਨਾਲ ਉਹ ਦੱਸਦੀ ਹੈ-

**ਥਾਣੇਦਾਰ ਦੇ ਬਰੋਬਰ ਡਹਿੰਦੀ,**
**ਨੀ ਕੁਰਸੀ ਮੇਰੇ ਦੀ।**

**- ਪਰਮਜੀਤ ਕੌਰ**

# ‘ਸਾਚਾ ਗੁਰੂ ਲਾਧੋ ਰੇ’

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਨੂੰ ਸਮਰਪਿਤ ‘ਸਾਚਾ ਗੁਰੂ ਲਾਧੋ ਰੇ ਦਿਵਸ’ ਸਾਲਾਨਾ ਜੋੜ ਮੇਲਾ ਬੜੇ ਪਿਆਰ-ਸਤਿਕਾਰ ਅਤੇ ਸ਼ਰਧਾ ਨਾਲ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਸਨ। ਇਤਿਹਾਸ ਦੱਸਦਾ ਹੈ ਕਿ ਕੀਰਤਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਜਦੋਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦਾ ਸਮਾਂ ਨੇੜੇ ਜਾਣਿਆ ਤਾਂ ਗੁਰੂ ਤੇਗ ਬਹਾਦਰ ਜੀ ਨੂੰ ਕਿਹਾ ਤੁਸੀਂ ਮਾਤਾ ਜੀ ਅਤੇ ਆਪਣੇ ਮਹਿਲਾਂ ਨੂੰ ਨਾਲ ਲੈ ਕੇ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਜਾਣਾ। ਪਿਤਾ ਦਾ ਆਦੇਸ਼ ਮੰਨ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਨਾਨਕੀ ਅਤੇ ਆਪਣੇ ਮਹਿਲ ਮਾਤਾ ਗੁਜਰੀ ਨੂੰ ਲੈ ਕੇ ਬਕਾਲੇ ਪਿੰਡ ਪਹੁੰਚ ਗਏ। ਇਥੇ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੋਰੇ ਵਿਚ ਬੈਠ ਕੇ ਤਪੱਸਿਆ ਆਰੰਭ ਕਰ ਦਿੱਤੀ। ਸਵੇਰੇ ਅਤੇ ਸ਼ਾਮ ਸਤਿਗੁਰੂ ਥੋੜ੍ਹੇ ਸਮੇਂ ਲਈ ਭੋਰੇ ’ਚੋਂ ਬਾਹਰ ਆਉਂਦੇ ਸਨ। ਉਹ ਬਹੁਤਾ ਸਮਾਂ ਅਕਾਲ ਪੁਰਖ ਦੇ ਚਰਨਾਂ ਵਿਚ ਲਿਵ ਜੋੜ ਕੇ ਸਿਮਰਨ ਵਿਚ ਲੀਨ ਰਹਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਪਵਿੱਤਰ ਅਸਥਾਨ ’ਤੇ 26 ਸਾਲ 9 ਮਹੀਨੇ 13 ਦਿਨ ਘੋਰ ਤਪੱਸਿਆ ਕਰਕੇ ਆਉਣ ਵਾਲੇ ਸਮੇਂ ਬਾਰੇ ਸਾਰਾ ਪ੍ਰੋਗਰਾਮ ਉਲੀਕਿਆ। ਉਧਰ ਦਿੱਲੀ ਵਿਖੇ ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦੀ ਤਿਆਰੀ ਕੀਤੀ ਹੋਈ ਸੀ। ਸਾਰੀ ਸੰਗਤ ਨੇ ਬੇਨਤੀ ਕੀਤੀ ਕਿ ਪਾਤਿਸ਼ਾਹ, ਪਹਿਲੇ ਗੁਰੂ ਜੀ ਜਦੋਂ ਚੋਲਾ ਛੱਡਦੇ ਸੀ, ਉਸੇ ਵੇਲੇ ਅੱਗੇ ਸੰਗਤ ਦੀ ਬਾਂਹ ਫੜਾ ਦਿੰਦੇ ਸੀ ਕਿਸੇ ਨੂੰ, ਆਪ ਜੀ ਕ੍ਰਿਪਾ ਕਰਕੇ ਦੱਸੋ ਸੰਗਤ ਕਿੱਥੇ ਜਾਵੇ। ਸਾਨੂੰ ਕਿਸਦੇ ਲੜ ਲਾ ਚੱਲੇ ਹੋ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਵਿਚ ਨਾਰੀਅਲ ਲੈ ਕੇ ਪੰਜਾਬ ਵੱਲ ਦਾ ਰੁਖ਼ ਕਰਕੇ ਕਿਹਾ ਸੀ ਕਿ ‘ਬਾਬਾ ਵਸੈ ਬਕਾਲੇ’। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸੰਗਤਾਂ ਨੇ ਬਕਾਲੇ ਨਗਰ ਵੱਲ ਰੁਖ਼ ਕੀਤਾ। ਉਧਰ ਗੁਰੂ ਦੇ ਦੋਖੀਆਂ ਨੂੰ ਜਦੋਂ ਪਤਾ ਲੱਗਾ ਕਿ ਅੱਠਵੇਂ ਪਾਤਿਸ਼ਾਹ ‘ਬਾਬੇ ਬਕਾਲੇ’ ਦਾ ਬਚਨ ਕਰਕੇ ਪ੍ਰਲੋਕ ਨੂੰ ਗਮਨ ਕਰ ਗਏ ਹਨ, ਤਾਂ ਉਨ੍ਹਾਂ ਵੀ ਜਿਨ੍ਹਾਂ ਵਿਚ ਧੀਰ ਮੱਲੀਏ, ਰਾਮ ਰਾਈਏ ਅਤੇ ਸ਼ੀਹੇਂ ਮਸੰਦ ਵਰਗੇ ਭੇਖੀ ਗੁਰੂਆਂ ਨੇ ਆ ਕੇ ਬਕਾਲੇ ਨਗਰ ਡੇਰੇ ਲਾ ਲਏ ਅਤੇ 22 ਮੰਜੀਆਂ ਭਾਵ ਕਿ ਬਾਈ ਗੁਰੂ ਬਣ ਕੇ ਭੋਲੀਆਂ-ਭਾਲੀਆਂ ਸੰਗਤਾਂ ਨੂੰ ਦੋਹੇਂ ਹੱਥੀਂ ਲੁੱਟਣ ਲੱਗ ਪਏ। ਉਧਰ ਮੱਖਣ ਸ਼ਾਹ ਲੁਬਾਣਾ, ਜੋ ਬਹੁਤ ਵੱਡਾ ਸ਼ਾਹੂਕਾਰ ਸੀ, ਬੇੜਿਆਂ ਵਿਚ ਸਾਮਾਨ ਲੱਦ ਕੇ ਦੂਸਰੇ ਦੇਸ਼ਾਂ ਨੂੰ ਭੇਜਦਾ ਸੀ, ਬੇੜੇ ਵਿਚ ਸਾਮਾਨ ਲੱਦ ਕੇ ਲੈ ਕੇ ਜਾ ਰਿਹਾ ਸੀ, ਕਿ ਉਸ ਦਾ ਜਹਾਜ਼ ਸਮੁੰਦਰ ਵਿਚ ਡੱਕੋ-ਡੋਲੇ ਖਾਣ ਲੱਗ ਪਿਆ। ਉਸ ਦੇ ਬੇੜੇ (ਜਹਾਜ਼) ਵਿਚ ਗੁਰੂ ਨਾਨਕ ਦਾ ਇਕ ਸਿੱਖ ਬੈਠਾ ਸੀ, ਕਹਿਣ ਲੱਗਾ, ਗੁਰੂ ਨਾਨਕ ਸਾਹਿਬ ‘ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਥਉ’। ਤੂੰ ਗੁਰੂ ਨਾਨਕ ਦੇ ਘਰ ਦੀ ਅਰਾਧਨਾ ਤੱਕ, ਤੇਰਾ ਬੇੜਾ ਬੰਨੇ ਲੱਗ ਜਾਵੇਗਾ। ਇਹ ਬਚਨ ਸੁਣ ਕੇ ਮੱਖਣ ਸ਼ਾਹ ਨੇ ਗਲ ਵਿਚ ਪੱਲਾ ਪਾ ਕੇ ਗੁਰੂ ਨਾਨਕ ਦੇ ਦਰ ’ਤੇ ਅਰਦਾਸ ਕੀਤੀ। ਪਾਤਿਸ਼ਾਹ ਮੇਰਾ ਬੇੜਾ ਬੰਨੇ ਲਾ ਦਿਉ ਮੈਂ ਆਪਦੇ ਦਰ ’ਤੇ ਪੰਜ ਸੌ ਮੋਹਰਾਂ ਭੇਟ ਚੜ੍ਹਾਵਾਂਗਾ। ਮੱਖਣ ਸ਼ਾਹ ਦੀ ਅਰਦਾਸ ਪ੍ਰਵਾਨ ਹੋਈ, ਬੇੜਾ ਬੰਨੇ ਲੱਗ ਗਿਆ। ਸੁੱਖੀ ਸਾਂਦੀਂ ਘਰ ਪਹੁੰਚਿਆ। ਪਤਾ ਕੀਤਾ ਗੁਰੂ ਨਾਨਕ ਦੀ ਗੱਦੀ ’ਤੇ ਇਸ ਵਕਤ ਕੌਣ ਹੈ। ਪਤਾ ਲੱਗਿਆ ਕਿ ਅੱਠਵੇਂ ਪਾਤਿਸ਼ਾਹ ਨੇ ਕਿਹਾ ਸੀ ‘ਬਾਬਾ ਵਸੈ ਬਕਾਲੇ’ ਮੱਖਣ ਸ਼ਾਹ ਆਪਣੇ ਸੰਗੀਆਂ-ਸਾਥੀਆਂ ਨੂੰ ਲੈ ਕੇ ਪਰਿਵਾਰ ਸਮੇਤ ਆਪਣੀ ਸੁੱਖੀ ਹੋਈ ਸੁੱਖਣਾ ਲਾਹੁਣ ਵਾਸਤੇ ਬਕਾਲੇ ਨਗਰ ਪਹੁੰਚ ਗਿਆ। ਕੀ ਦੇਖਦਾ ਹੈ ਕਿ ਇਥੇ ਬਾਈ ਮੰਜੀਆਂ ਡਾਹ ਕੇ ਬੈਠੇ ਹੋਏ ਹਨ। ਕੋਈ ਕਹਿੰਦਾ ਮੈਂ ਸੱਚਾ ਗੁਰੂ ਹਾਂ, ਕੋਈ ਕਹਿੰਦਾ ਮੈਂ ਹਾਂ, ਕੋਈ ਪਤਾ ਨਹੀਂ ਸੀ ਲੱਗਦਾ, ਭੰਬਲ-ਭੂਸਾ ਪਿਆ ਹੋਇਆ ਸੀ। ਭੋਲੀ-ਭਾਲੀ ਸੰਗਤ ਨੂੰ ਇਹ ਦੰਭੀ ਪਖੰਡੀ ਲੁੱਟੀ ਜਾ ਰਹੇ ਸਨ। ਮੱਖਣ ਸ਼ਾਹ ਨੇ ਸੋਚਿਆ ਕੋਈ ਤਰਕੀਬ ਲੜਾਈ ਜਾਵੇ। ਵਪਾਰੀ ਪੁੱਤ ਸੀ, ਮਨ ਵਿਚ ਆਈ ਕਿ ਸਾਰਿਆਂ ਨੂੰ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਨਾਂ ਹਾਂ, ਜਿਹੜਾ ਸੱਚਾ ਹੋਵੇਗਾ ਆਪੇ ਪੰਜ ਸੌ ਮੋਹਰਾਂ ਮੰਗ ਲਵੇਗਾ। ਸੋ, ਇਸੇ ਤਰ੍ਹਾਂ ਹੀ ਕੀਤਾ, ਪਰ ਮੱਖਣ ਸ਼ਾਹ ਵਲੋਂ ਸੁੱਖੀ ਹੋਈ ਸੁੱਖਣਾ ਕਿਸੇ ਨੇ ਵੀ ਨਾ ਮੰਗੀ। ਹਾਰ ਕੇ ਮੱਖਣ ਸ਼ਾਹ ਨੇ ਉਥੇ ਪੁੱਛਿਆ ਕਿ ਇਨ੍ਹਾਂ ਤੋਂ ਬਿਨਾਂ ਇਥੇ ਕੋਈ ਹੋਰ ਵੀ ਗੁਰੂ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਥੇ ਤੇਗ ਬਹਾਦਰ ਵੀ ਹਨ, ਪਰ ਉਹ ਜ਼ਿਆਦਾ ਸਮਾਂ ਭੋਰੇ ਵਿਚ ਹੀ ਰਹਿੰਦੇ ਹਨ ਤੇ ਬਾਹਰ ਘੱਟ ਹੀ ਨਿਕਲਦੇ ਹਨ। ਉਨ੍ਹਾਂ ਤੋਂ ਟਿਕਾਣਾ ਪੁੱਛਿਆ। ਆ ਕੇ ਮਾਤਾ ਨਾਨਕੀ ਨੂੰ ਬੇਨਤੀ ਕੀਤੀ ਕਿ ਮੈਂ ਬਹੁਤ ਦੂਰੋਂ ਆਇਆ ਹਾਂ, ਤੇਗ ਬਹਾਦਰ ਦੇ ਦਰਸ਼ਨ ਕਰਨੇ ਹਨ। ਮਾਤਾ ਜੀ ਨੇ ਗੁਰੂ ਜੀ ਤੋਂ ਆਗਿਆ ਲੈ ਕੇ ਮੱਖਣ ਸ਼ਾਹ ਨੂੰ ਜਦੋਂ ਗੁਰੂ ਜੀ ਦੇ ਦਰਸ਼ਨ ਕਰਵਾਏ ਤਾਂ ਸਤਿਗੁਰੂ ਜੀ ਦਾ ਨੂਰਾਨੀ ਚੇਹਰਾ ਦੇਖ ਕੇ ਮਨ ਨੂੰ ਧਰਵਾਸ ਬੱਝਿਆ। ਪੰਜ ਮੋਹਰਾਂ ਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਕਹਿਣ ਲੱਗੇ, ਮੱਖਣ ਸ਼ਾਹ ਗੁਰੂ ਘਰ ਮਾਇਆ ਦੀ ਕੋਈ ਘਾਟ ਨਹੀਂ ਹੈ, ਪਰ ਗੁਰਸਿੱਖਾ ਜਿਹੜਾ ਵਾਅਦਾ ਕਰੀਏ, ਉਹ ਪੂਰਾ ਨਿਭਾਈਦਾ ਹੈ। ਇਹ ਬਚਨ ਸੁਣ ਕੇ ਮੱਖਣ ਸ਼ਾਹ ਗਦ-ਗਦ ਹੋ ਗਿਆ। ਕਹਿਣ ਲੱਗਾ ਸਤਿਗੁਰੂ ਆਪ ਜੀ ਭੋਰੇ ਵਿਚ ਲੁਕ ਕੇ ਬੈਠੇ ਹੋ, ਉਧਰ ਪਖੰਡੀ ਗੁਰੂ ਭੋਲੀ-ਭਾਲੀ ਸੰਗਤ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ। ਕ੍ਰਿਪਾ ਕਰੋ ਸਤਿਗੁਰੂ ਜੀ ਪ੍ਰਗਟ ਹੋਵੋ। ਸੰਗਤਾਂ ਨੂੰ ਤਾਰੋ। ਮੱਖਣ ਸ਼ਾਹ ਨੇ ਕੋਠੇ ਚੜ੍ਹ ਕੇ ਰੌਲਾ ਪਾ ਦਿੱਤਾ ‘ਸਾਚਾ ਗੁਰੂ ਲਾਧੋ ਰੇ’ ‘ਸਾਚਾ ਗੁਰੂ ਲਾਧੋ ਰੇ’ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ। ਆਪੇ ਬਣੇ ਝੂਠੇ ਗੁਰੂਆਂ ਨੂੰ ਭੱਜਣ ਦਾ ਰਾਹ ਨਾ ਲੱਭਾ। ਸੰਗਤਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਉਸ ਪਵਿੱਤਰ ਯਾਦ ਨੂੰ ਸਮਰਪਿਤ ਹੀ ਬਾਬਾ ਬਕਾਲਾ ਸਾਹਿਬ ਵਿਖੇ ‘ਸਾਚਾ ਗੁਰੂ ਲਾਧੋ ਰੇ’ ਦਿਵਸ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ।

**- ਸੰਪਾਦਕ**

# "ਸ਼ਾਹ ਹੁਸੈਨ ਦੀ ਵਿਚਾਰਧਾਰਾ"


ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ

ਮਸਤ ਅਲਮਸਤ ਲਟਬੌਰੇ ਸ਼ਾਇਰਾਂ ਦੇ ਆਵੇਸ਼ਮਈ ਬੋਲਾਂ ਵਿਚੋਂ ਕਿਸੇ ਦਿਸ਼ਾ ਤੇ ਦਸ਼ਾ ਵਿਸ਼ੇਸ਼ ਵਾਲੀ ਵਿਚਾਰਧਾਰਾ ਭਾਲਣ ਦੀ ਪ੍ਰਕਿਰਿਆ ਕਈ ਵਾਰੀ ਭਾਲਣ ਵਾਲੇ ਲਈ ਨਿਰਾਸ਼ਾਜਨਕ ਤੇ ਆਵੇਸ਼ਮਈ ਬੋਲਾਂ ਵਾਲੇ ਲਈ ਨਿਰਉਤਸ਼ਾਹਿਤ ਸਾਬਤ ਹੁੰਦੀ ਹੈ, ਕਿਉਂਕਿ ਸ਼ਾਇਰ ਅਕਸਰ ਸਵੈਵਿਰੋਧੀ ਮੰਨੇ ਜਾਂਦੇ ਹਨ। ਇਹ ਉਨ੍ਹਾਂ ਦਾ ਗੁਣ ਵੀ ਹੋ ਸਕਦਾ ਹੈ ਤੇ ਔਗੁਣ ਵੀ। ਵਾਲਟਵਿਟਮੈਨ ਨੂੰ ਜਦੋਂ ਉਨ੍ਹਾਂ ਦੇ ਆਲੋਚਕਾਂ ਨੇ ਉਸ ਦੇ ਸਵੈਵਿਰੋਧ ਤੋਂ ਸੁਚੇਤ ਕਰਵਾਇਆ ਤਾਂ ਉਸ ਦਾ ਉੱਤਰ ਕੋਈ ਖਿਮਾਂ-ਯਾਚਨਾ ਨਹੀਂ ਸੀ, ਸਗੋਂ ਮਾਣ ਭਰਿਆ ਇਕਬਾਲ ਸੀ -

**"ਮੈਂ ਸਵੈਵਿਰੋਧ ਕਰਦਾ ਹਾਂ।**
**ਚਲੋ ਇਵੇਂ ਹੀ ਸਹੀ, ਮੈਂ ਸਵੈਵਿਰੋਧ ਕਰਦਾ ਹਾਂ।"**

ਪ੍ਰੋ. ਪੂਰਨ ਸਿੰਘ ਵੀ ਆਪਣੇ ਇਕ ਨਿਬੰਧ 'ਕਵੀ ਦਾ ਦਿਲ' ਵਿਚ ਸਮੁੱਚੀ ਕਵੀ ਸ਼੍ਰੇਣੀ ਨੂੰ ਪ੍ਰਤੱਖ ਤੌਰ ਤੇ ਆਪਣੇ ਆਪ ਨੂੰ ਅਪ੍ਰਤੱਖ ਤੌਰ ਤੇ ਸਵੈ-ਵਿਰੋਧ ਦਾ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਿਆਂ ਲਿਖਦਾ ਹੈ -

**"ਕਵੀ ਅੱਜ ਕੁਝ ਕਹਿੰਦਾ ਹੈ, ਕਲ੍ਹ ਕੁਝ ਹੋਰ।**
**ਕਹਿਣ ਦਿਓ ਸੂ, ਕਵੀ ਜੁ ਹੋਇਆ।"**



ਇਸ ਤੱਥ ਤੋਂ ਗਿਆਤ ਹੁੰਦੇ ਹੋਏ ਵੀ, ਆਲੋਚਕ ਜਨ, ਕਵੀ ਵਿਸ਼ੇਸ਼ ਦੀ ਕਵਿਤਾ ਵਿਚੋਂ, ਉਸ ਦੀ ਵਿਚਾਰਧਾਰਾ ਦਾ ਅਵਲੋਕਨ ਕਰਨ ਦਾ ਪ੍ਰਯਾਸ ਕਰਦੇ ਹਨ। ਵਿਚਾਰਧਾਰਾ ਦੀ ਨਿਸ਼ਚਿਤ ਪ੍ਰਾਪਤੀ ਹੋਵੇ ਨਾ ਹੋਵੇ ਪ੍ਰੰਤੂ ਕਵਿਤਾ ਦੀਆਂ ਕੁਝ ਵਿਸ਼ੇਸ਼ਤਾਈਆਂ ਤੇ ਗਹਿਰਾਈਆਂ ਜ਼ਰੂਰ ਉਜਾਗਰ ਹੋ ਜਾਂਦੀਆਂ ਹਨ।

ਸ਼ਾਹ ਹੁਸੈਨ ਪੰਜਾਬੀ ਸੂਫੀ ਕਾਵਿ ਦੇ ਦੂਜੇ ਦੌਰ ਦਾ ਇਕ ਸੁਪ੍ਰਸਿੱਧ ਕਵੀ ਸੀ, ਪਰ ਉਹ ਇਕ ਬਹੁਤ ਵੱਡਾ ਸਾਧਕ ਵੀ ਸੀ ਜਿਸ ਦੀ ਮਨ ਬਚਨ ਅਤੇ ਕਰਮ ਕਰਕੇ ਸੂਈ ਦੇ ਬਰੀਕ ਨੱਕੇ ਵਿਚੋਂ ਲੰਘਣ ਦੀ ਪ੍ਰਚੰਡ ਇੱਛਾ ਸੀ।ਉਸ ਦਾ ਸਾਰਾ 'ਕਾਫੀ-ਕਾਵਿ' ਆਪਣੇ 'ਮੂਲ' ਨੂੰ ਮੁੜ ਪਾਉਣ ਲਈ ਤੜਪ, ਪ੍ਰਾਪਤੀ, ਬਿਖੜੇ ਰਾਹਾਂ ਦਾ ਸੰਤਾਪ ਰੋਕਾਂ ਟੋਕਾਂ ਦਾ ਭਉ ਅਤੇ ਭਾਉ, ਅਮਲੇ ਨੂੰ ਪਾ ਸਕਣ ਦੇ ਕਾਬਲ, ਨਾਕਾਬਲ ਹੋ ਸਕਣ ਦਾ ਤੌਖਲਾ, ਅਖੀਰ ਆਪਣੀ ਹਉਂ ਨੂੰ ਗੁਆ ਕੇ, ਸੱਭ ਕੁਝ ਉਸੇ ਮੂਲ ਦੀ ਮਿਹਰ ਤੇ ਛਡਣ ਦੀ ਆਜਿਜ਼ੀ ਤੇ ਜੋਦੜੀ ਹੈ।

ਸ਼ਾਹ ਹੁਸੈਨ ਇਕ ਸੂਫ਼ੀ ਸਾਧਕ ਸੀ। ਇਹੋ ਵਾਕ ਹੀ ਉਸ ਦੀ ਵਿਚਾਰਧਾਰਾ ਦੀ ਆਰੰਭਿਕਾ ਅਤੇ ਅੰਤਿਕਾ ਹੈ। ਪ੍ਰੰਤੂ 'ਸੂਫ਼ੀ' ਹੋਣ ਦਾ ਸੰਕਲਪ ਆਪਣੇ ਆਪ ਵਿਚ ਇਕ ਬਹੁ-ਪੱਖੀ, ਬਹੁ-ਪਰਤੀ, ਅਸਪਸ਼ਟ ਅਤੇ ਸਵੈ-ਵਿਰੋਧੀ ਵੀ ਹੈ। ਇਕ ਸੂਫ਼ੀ ਦੂਸਰੇ ਨਾਲੋਂ, ਕਈਆਂ ਗੱਲਾਂ ਵਿਚ ਵੱਖਰਾ ਹੀ ਨਹੀਂ ਸਗੋਂ ਵਿਪਰੀਤ ਵੀ ਹੁੰਦਾ ਹੈ। ਸ਼ੇਖ ਫਰੀਦ ਵੀ ਸੂਫੀ, ਸ਼ਾਹ ਹੁਸੈਨ ਵੀ ਤੇ ਬੁਲ੍ਹੇ ਸ਼ਾਹ ਵੀ। ਪਰੰਤੂ ਇਨ੍ਹਾਂ ਤਿੰਨਾਂ ਦੇ ਹੀ ਵਿਚਾਰਾਂ ਵਿਚ ਭਿੰਨਤਾ ਹੈ -

**ਫਰੀਦਾ ਬੇਨਿਵਾਜਾ ਕੁਤਿਆ ਇਹੁ ਨ ਭਲੀ ਰੀਤਿ॥**
**ਕਬਹੁ ਚਲਿ ਨ ਆਇਆ ਪੰਜੇ ਵਖਤ ਮਸੀਤ॥**

(**ਸ਼ੇਖ ਫਰੀਦ**)

**ਸਾਂਈਂ ਜਿੰਨਾਦੜੇ ਵੱਲ ਤਿੰਨ੍ਹਾ ਨੂੰ ਗ਼ਮ ਕੈਂਦਾ ਵੇ ਲੋਕਾ।**

(**ਸ਼ਾਹ ਹੁਸੈਨ**)

**ਭੱਠ ਨਿਮਾਜਾਂ ਚਿਕੜ ਰੋਜ਼ੇ, ਕਲਮੇਂ ਤੇ ਫਿਰ ਗਈ ਸਿਆਹੀ।**

(**ਬੁਲ੍ਹੇ ਸ਼ਾਹ**)

ਇਸ ਲਈ ਸ਼ਾਹ ਹੁਸੈਨ ਦੀ ਵਿਚਾਰਧਾਰਾ ਨੂੰ ਕੇਵਲ ਸੂਫ਼ੀ ਵਿਚਾਰਧਾਰਾ ਕਹਿ ਕੇ ਸੁਰਖਰੂ ਨਹੀਂ ਹੋਇਆ ਜਾ ਸਕਦਾ। ਅਸਲੀਅਤ ਇਹ ਹੈ ਕਿ ਸਮੁੱਚੇ ਇਸਲਾਮ ਵਾਂਗ, ਸੂਫੀਆਂ ਦੇ ਵੀ ਕਈ ਫਿਰਕੇ ਹਨ ਜੋ ਇਨ੍ਹਾਂ ਦੇ ਆਪਸੀ ਵਿਚਾਰਾਂ ਦੀ ਵੱਖਰਤਾ ਭਿੰਨਤਾ ਅਤੇ ਵਿਰੋਧਾਭਾਸ ਦਾ ਆਧਾਰ ਬਿੰਦੂ ਹਨ।

ਫਿਰਕਿਆਂ ਦੀ ਵੰਡ ਅਨੁਸਾਰ, ਸ਼ਾਹ ਹੁਸੈਨ 'ਮਲ੍ਹਾਮਤੀਆਂ' ਫਿਰਕੇ ਵਿਚ ਆਉਂਦਾ ਹੈ। ਲੋਕ-ਲਾਜ ਅਤੇ ਸੁਚੱਜੀ ਸ਼ੁਹਰਤ ਤੋਂ ਬੇਪ੍ਰਵਾਹੀ ਇਸ ਫਿਰਕੇ ਦੀ ਖਾਸੀਅਤ ਹੈ। ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗਣਾ ਅਤੇ ਜ਼ਲੀਲ ਹੋਣਾ ਇਨ੍ਹਾਂ ਨੂੰ ਆਪਣੇ ਹੱਕ ਵਿਚ ਸੁਕਾਰਜ ਹੋਣਾ ਲੱਗਦਾ ਹੈ। ਆਪਣੀ ਸ਼ੁਹਰਤ ਵਿਗਾੜਨੀ ਵੀ ਇਨ੍ਹਾਂ ਦੀ ਤੱਪ ਸਾਧਨਾ ਵਿਚ ਸ਼ਾਮਲ ਹੈ।

**'ਹਸਨਾਤੁਲ ਆਰਿਫ਼ੀਨ' ਕ੍ਰਿਤ ਦਾਰਾ ਸ਼ਿਕੋਹ** ਅਨੁਸਾਰ "ਸ਼ਾਹ ਹੁਸੈਨ ਜੀ ਨੇ ਮਲ੍ਹਾਮਤੀਆਂ ਨੂੰ ਖੂਬ ਰੰਗ ਲਾਇਆ। ਉਨ੍ਹਾਂ ਦਾ ਤੌਰ-ਤਰੀਕਾ ਬੜਾ ਅਸਚਰਜ ਜਿਹਾ ਸੀ। ਉਹ ਸਵੇਰ ਤੋਂ ਸ਼ਾਮ ਤੱਕ ਮੂੰਹ ਸਿਰ ਮੁੰਨਾ ਕੇ, ਲਾਲ ਸੂਹੇ ਕੱਪੜੇ ਪਾ ਕੇ, ਗਾਉਣ ਵਜਾਉਣ ਵਾਲਿਆਂ ਦੀ ਟੋਲੀ ਬਣਾ ਕੇ ਸਾਰੇ ਲਾਹੌਰ ਵਿਚ ਘੁੰਮਦੇ ਤੇ ਝੂੰਮਦੇ ਰਹਿੰਦੇ। ਉਹ ਇਕ ਬੜੀ ਸੁਤੰਤਰ ਤਬ੍ਹਾ ਵਾਲੇ ਬੇ੍ਵਾਹ ਜੀਉੜੇ ਸਨ। ਉਨ੍ਹਾਂ ਦੀਆਂ ਆਪਣੇ ਇਕ ਹਿੰਦੂ ਮੁਰੀਦ ਮਾਧੋ ਲਾਲ ਨੂੰ ਵਿਖਾਈਆਂ ਕਰਾਮਾਤਾਂ ਦਾ ਅੰਤ ਨਹੀਂ ਸੀ। ਉਨ੍ਹਾਂ ਨੂੰ ਸਾਰਾ 'ਕੁਰਾਨ ਸ਼ਰੀਫ਼' ਜ਼ੁਬਾਨੀ ਯਾਦ ਸੀ, ਜਿਸ ਦਾ ਪਾਠ ਅਤੇ ਤਲਾਵਤ ਬੜੇ ਨਿਆਰੇ ਅੰਦਾਜ਼ ਨਾਲ ਇਕੋ ਦਿਨ ਵਿਚ ਕਰ ਲਿਆ ਕਰਦੇ ਸਨ। ਜਦੋਂ ਕੋਈ ਉਨ੍ਹਾਂ ਕੋਲ ਮੁਰੀਦੀ ਧਾਰਨ ਕਰਨ ਲਈ ਜਾਂਦਾ। ਉਹ ਉਸਨੂੰ ਪਹਿਲਾਂ ਮੂੰਹ ਸਿਰ ਮੁਨਾਉਣ ਲਈ ਹਦਾਇਤ ਕਰਦੇ ਤੇ ਫਿਰ ਉਸਦੇ ਹੱਥ ਵਿਚ ਇਕ ਠੂਠਾ ਫੜਾ ਦਿੰਦੇ ਮੰਗਣ ਲਈ। ਜਿਹੜਾ ਇਹ ਸ਼ਰਤਾਂ ਮੰਨ ਲੈਂਦਾ ਉਹ ਪ੍ਰਵਾਨ ਚੜ੍ਹ ਜਾਂਦਾ ਤੇ ਜਿਹੜਾ ਸੋਚੀਂ ਪੈ ਜਾਂਦਾ ਜਾਂ ਝਿਜਕਦਾ, ਉਸਨੂੰ ਉਸੇ ਵੇਲੇ ਖਾਰਜ ਕਰ ਦਿੱਤਾ ਜਾਂਦਾ।"

ਸੋ ਇਹ ਨਜਿਠ ਲੈਣ ਉਪਰੰਤ ਕਿ ਸ਼ਾਹ ਹੁਸੈਨ ਮਲ੍ਹਾਮਤੀ ਸੂਫੀ ਸਨ, ਸਾਡਾ ਮੰਤਵ ਉਨ੍ਹਾਂ ਨੂੰ ਕੇਵਲ ਇਕ ਸੰਕੀਰਨ ਚੌਖਟੇ ਵਿਚ ਫਿੱਟ ਕਰਨਾ ਨਹੀਂ ਸਗੋਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਸਮੁੱਚੇ ਪੱਖਾਂ ਨੂੰ ਸੂਫੀਆਨ ਸੰਦਰਭਾਂ, ਧਾਰਮਿਕਤਾ ਅਦਵੈਦਿਤਾ ਤੌਹੀਦਪ੍ਰਸਤੀ ਭਾਰਤੀ ਸੰਸਕ੍ਰਿਤੀ ਅਤੇ ਗੁਰਮਤਿ ਦੇ ਪ੍ਰਸੰਗ ਵਿਚ ਵੀ ਵੇਖਣਾ ਹੈ ਤਾਂਕਿ ਵਿਸਤਾਰਪੂਰਵਕ ਨਿਮਨ ਲਿਖਤ

ਅਨੁਸਾਰ ਵਿਸ਼ਲੇਸ਼ਣ ਹੋ ਸਕੇ।

**ਰੱਬ** - ਸ਼ਾਹ ਹੁਸੈਨ ਰੱਬ ਦੀ ਹੋਂਦ ਅਤੇ ਭਗਤੀ ਨੂੰ ਸਰਵਉੱਚ ਮੰਨਦਾ ਹੈ। ਇਸ ਤਰ੍ਹਾਂ ਉਹ ਭਾਰਤੀ ਅਦਵੈਤਵਾਦੀ ਪਿਛੋਕੜ ਕਾਰਨ ਈਰਾਨੀ ਸੂਫ਼ੀਆਂ ਨਾਲੋਂ ਭਾਰਤੀ ਸੂਫ਼ੀਆਂ ਵਾਂਗ ਰੱਬ ਨੂੰ ਸਰਬ ਵਿਆਪਕ ਸਰਬ ਸ਼ਕਤੀਮਾਨ ਅਤੇ ਘਟ ਘਟ ਦੀ ਜਾਨਣ ਵਾਲਾ ਸਵੀਕਾਰ ਕਰਦਾ ਹੋਇਆ ਕਹਿੰਦਾ ਹੈ–

**ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।**
**ਅੰਦਰ ਤੂੰ ਹੈਂ ਬਾਹਰ ਤੂੰ ਹੈਂ, ਰੋਮ ਰੋਮ ਵਿਚ ਤੂੰ।**
**ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸੱਭ ਤੂੰ।**

**ਸੰਸਾਰ** - ਸ਼ਾਹ ਹੁਸੈਨ ਦੀ ਸੋਚ ਮੁਤਾਬਕ ਸਮਾਜਿਕ ਰਿਸ਼ਤੇਦਾਰੀਆਂ ਅਤੇ ਸਾਂਝਾਂ ਵਕਤੀ ਅਤੇ ਮੌਕਾਪ੍ਰਸਤੀ ਹਨ। ਹਰ ਪਾਸੇ। ਇਸ 'ਜੌਂ ਭੁਨਾਵੇ ਗੌਅ' ਦਾ ਬੋਲਬਾਲਾ ਹੈ। ਇਸ ਕੂੜ ਪਸਾਰੇ ਵਿਚ ਮਨੁੱਖ ਦੀ ਹੋਂਦ ਅਸਗਾਹ ਸਾਗਰ ਵਿਚ ਪਾਣੀ ਦੀ ਇਕ ਬੂੰਦ ਜਾਂ ਸ਼ਬਨਮ ਦੇ ਇਕ ਕਤਰੇ (ਮੋਤੀ) ਸਮਾਨ ਹੈ–

1. **ਕੂੜੀ ਦੁਨੀਆਂ ਕੂੜ ਪਸਾਰਾ, ਜਿਉਂ ਮੋਤੀ ਸ਼ਬਨਮ ਦਾ।**
2. **ਦੁਨੀਆਂ ਤਾਲਿਬ ਮਤਲਬ ਦੀ, ਸੱਚ ਸੁਣ ਵੋ ਫ਼ਕੀਰਾ।**

**ਨਾਸ਼ਮਾਨਤਾ** - ਸ਼ਾਹ ਹੁਸੈਨ ਵੀ ਦੁਨੀਆਂ ਦੇ ਬਾਕੀ ਧਰਮ ਵਲੰਭੀਆਂ ਵਾਂਗ ਸੰਸਾਰ ਨੂੰ ਫਾਨੀ ਅਤੇ ਨਾਸ਼ਵੰਤ ਮੰਨਦਾ ਹੈ। ਮਨੁੱਖ ਦਾ ਬਚਪਨ ਜੁਆਨੀ ਗ੍ਰਹਿਸਤ ਬੁਢਾਪਾ ਜੇ ਇਕ ਵਿਕਾਸ ਹੈ ਤਾਂ ਦੂਜੇ ਪਾਸੇ ਵਿਨਾਸ਼ ਵੀ ਹੈ। ਡਾ. ਅਲਾਮਾ ਇਕਬਾਲ ਵਰਗਾ ਚਿੰਤਕ ਸ਼ਾਇਰ ਵੀ ਇਸ ਦੀ ਤਾਈਦ ਕਰਦਾ ਹੋਇਆ ਕਹਿੰਦਾ ਹੈ –

**ਨਾ ਥਾ ਕੁਛ ਤੋ ਖੁਦਾ ਥਾ, ਕੁਛ ਨਾ ਹੋਤਾ ਤੋ ਖੁਦਾ ਹੋਤਾ।**
**ਡੁਬੋਯਾ ਮੁਝ ਕੋ ਹੋਨੇ ਨੇ, ਮੈਂ ਨਾ ਹੋਤਾ ਤੋ ਕਿਆ ਹੋਤਾ।**

**ਸਮਾਜਿਕ ਚੇਤਨਤਾ** - ਸ਼ਾਹ ਹੁਸੈਨ ਦੀ ਚੇਤਨਤਾ ਉਚ-ਨੀਚ, ਗਰੀਬ-ਅਮੀਰ ਭਾਵ ਜਾਤ-ਪਾਤੀ ਅਤੇ ਆਰਥਿਕ ਆਧਾਰਿਤ ਹੈ ਜਿਸ ਦਾ ਹਰ ਥਾਂ ਝਗੜਾ ਅਤੇ ਸ਼ੋਰ ਹੈ। ਉਹ ਖਬਰਦਾਰ ਕਰਦਾ ਹੋਇਆ ਕਹਿੰਦਾ ਹੈ –

**ਮਾਏ ਨੀ ਮੈਂ ਭਈ ਦੀਵਾਨੀ ਦੇਖ ਜਗਤ ਵਿਚ ਸ਼ੋਰ।**
**ਇਕਨਾ ਹਾਥੀ ਇਕਨਾ ਘੋੜੇ, ਇਕ ਸਿਵੇ ਇਕ ਗੋਰ।**
**ਨੰਗੇ ਪੈਰੀਂ ਜਾਂਦੜੇ ਡਿਠੇ, ਜਿੰਨ ਨੇ ਲਾਖ ਕਰੋਰ।**

**ਇਸ਼ਕ** - ਰੱਬ ਸ਼ਾਹ ਹੁਸੈਨ ਦਾ ਇਕ ਅਜਿਹਾ ਖ਼ੂਬਸੂਰਤ ਅਤੇ ਗੁਣਵੰਤਾ ਮਹਿਬੂਬ ਹੈ, ਜਿਸ ਨੂੰ ਉਹ ਇਸ਼ਕ ਦੇ ਮਾਧਿਅਮ ਰਾਹੀਂ ਪਾਉਣਾ ਚਾਹੁੰਦਾ ਹੈ ਪਰੰਤੂ ਇਸ ਨੂੰ ਅਜ਼ਲੀ ਵਸਤੂ ਮੰਨਦਾ ਹੋਇਆ ਇਸ ਦੀ ਪ੍ਰਾਪਤੀ ਦੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਦਾ ਜ਼ਿਕਰ ਵੀ ਕਰਦਾ ਹੈ–

**ਸ਼ਹ ਗੁਣਵੰਤਾ ਬਿਆ ਰੂਪ ਚੰਗੇਰਾ, ਅੰਗ ਲਾਵੇ ਕਿ ਮੂਲ ਨਾ ਕਾਸੀ।**

* *

**ਆਸ਼ਕ ਹੋਂਵੇਂ ਤਾਂ ਇਸ਼ਕ ਕਮਾਵੇਂ।**
**ਰਾਹ ਇਸ਼ਕ ਦਾ ਸੂਈ ਦਾ ਨੱਕਾ, ਧਾਗਾ ਹੋਏਂ ਤਾਂ ਜਾਵੇਂ।**

* *

**ਤੀਰਾਂ ਤੇ ਤਲਵਾਰਾਂ ਕੋਲੋਂ, ਤਿੱਖੀਆਂ ਬ੍ਰਿਹੋਂ ਦੀਆਂ ਛੁਰੀਆਂ ਵੇ ਲੋਕਾ।**

**ਭਗਤੀ** - ਭਾਰਤੀ ਪਰੰਪਰਾ ਅਤੇ ਪੁਰਖਿਆਂ ਦੇ ਵਿਰਸਈ ਪ੍ਰਭਾਵ ਕਰਕੇ ਭਗਤੀ ਮਾਰਗ ਦੀ ਵੀ ਪੂਰੀ-ਪੂਰੀ ਵਕਾਲਤ ਕਰਦਾ ਹੈ। ਕਾਂਤਾ-ਭਗਤੀ ਦਾਸ ਭਗਤੀ ਅਤੇ ਸਖਾ ਭਗਤੀ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ –

**ਗਮ ਨਾਮ ਦੇ ਸਿਮਰਨ ਬਾਝੋਂ, ਜੀਵਨ ਦਾ ਕੀ ਹੱਜ ਵੇ ਅੜਿਆ।**
**ਕਹੇ ਹੁਸੈਨ ਫਕੀਰ ਸਾਈ ਦਾ, ਸਾਹਿਬ ਦੇ ਲੜ ਲੱਗ ਵੇ ਅੜਿਆ।**

**ਮਸਤੀ** - ਸ਼ਾਹ ਹੁਸੈਨ ਸੰਸਾਰ ਦੇ ਫਾਨੀ ਹੋਣ ਦੀ ਅਸਲੀਅਤ ਤੋਂ ਕਿਨਾਰਾਕਸ਼ੀ ਅਤੇ ਮਨ ਦੀ ਉਦਾਸੀ ਤੇ ਇਸ ਦੇ ਸਖਣੇਪਨ ਨੂੰ ਭਰਨ ਲਈ ਮਲ੍ਹਾਮਤੀਆ ਪਰੰਪਰਾ ਅਨੁਸਾਰ ਸਿਮਰਨ ਕਰਨ ਤੋਂ ਇਲਾਵਾ ਭੰਗ ਅਫ਼ੀਮ ਧਤੂਰਾ ਅਤੇ ਪੋਸਤ ਵਰਗੀਆਂ ਵਕਤੀ ਮਸਤੀ ਦੇਣ ਵਾਲੀਆਂ ਵਸਤਾ ਰੱਬ ਕੋਲੋਂ ਨਿਸ਼ੰਗ ਹੋ ਕੇ ਮੰਗਦਾ ਹੈ –

**ਜੇਤੀ ਜੇਤੀ ਰਾਮ ਜੀ ਤੇਰੇ ਕੋਲੋਂ ਮੰਗਦੀ।**
**ਕੂੰਡੀ ਦਈਂ ਸੋਟਾ ਦਈ, ਕੋਠੀ ਦਈ ਭੰਗ ਦੀ।**
**ਸਾਫ਼ੀ ਦਈਂ ਮਰਚਾਂ ਦਈਂ, ਬੇਗਿਨਤੀ ਦਈਂ ਰੰਗ ਦੀ।**
**ਪੋਸਤ ਦਈਂ ਬਾਟੀ ਦਈਂ, ਚਾਟੀ ਦਈਂ ਖੰਡ ਦੀ।**
**ਗਿਆਨ ਦਈਂ ਧਿਆਨ ਦਈਂ, ਮਹਿਮਾ ਸਾਧੂ ਸੰਗ ਦੀ।**
**ਸ਼ਾਹ ਹੁਸੈਨ ਫ਼ਕੀਰ ਸਾਈਂ ਦਾ, ਇਹ ਦੁਆ ਮਲੰਗ ਦੀ।**

**ਨਫ਼ਸ** - ਮਨੁੱਖੀ ਮਨ ਅਥਵਾ ਨਫ਼ਸ, ਏਨਾ ਚੰਚਲ ਤੇ ਔਥਰਾ ਹੈ ਕਿ ਸਮੁੱਚੀ ਮਨੁੱਖੀ ਸੋਚ ਨੂੰ ਹਰ ਦਮ ਆਪਣੇ ਅਧੀਨ ਰੱਖਦਾ ਹੈ। ਕਾਮ ਕ੍ਰੋਧ ਲੋਭ ਮੋਹ ਹੰਕਾਰ ਇਸ ਦੀਆਂ ਪੰਜ ਉਤੇਜਿਤ ਸੰਚਾਲਕ ਸ਼ਕਤੀਆਂ ਹਨ। ਸ਼ਾਹ ਹੁਸੈਨ ਦਾ ਮੱਤ ਹੈ ਕਿ ਇਨ੍ਹਾਂ ਪੰਜਾਂ ਨੂੰ ਵੱਸ ਲੈਣ ਉਪਰੰਤ ਇਨ੍ਹਾਂ ਦਾ ਖਾਦਮ ਨਫ਼ਸ ਖੁਦ-ਬ-ਖੁਦ ਆਜ਼ਾਦ ਹੋ ਜਾਂਦਾ ਹੈ –

**ਪੰਜੇ ਸਖੀਆਂ ਇਕੋ ਜਿਹੀਆਂ, ਹੁਕਮ ਸੰਜੋਗ ਇਕੱਠੀਆਂ ਹੋਈਆਂ।**
**ਜੋ ਪੰਜਾਂ ਨੂੰ ਧਾਗਾ ਪਾਏ, ਸਾ ਸਭਰਾਈ ਕੰਤ ਵਿਹਾਏ।**

**ਅਮਲ** - ਅਮਲਾਂ ਤੇ ਅਮਲ ਕਰਨ ਦੀ ਪ੍ਰਵਿਰਤੀ ਤੇ ਸ਼ਾਹ ਹੁਸੈਨ ਵੀ ਬਹੁਤ ਜ਼ੋਰ ਦਿੰਦਾ ਹੈ, ਮਾੜੇ ਕਰਮਾਂ ਅਤੇ ਮਾੜੀ ਨੀਅਤ ਨੂੰ ਕੂੜ-ਕਬਾੜ ਕਹਿ ਕੇ ਚੰਗੇ ਅਮਲਾਂ ਦੀ ਬਹੁਕਰ ਨਾਲ ਬੁਹਾਰਨ ਦੀ ਸਿੱਖਿਆ ਦਿੰਦਾ ਹੈ –

**ਕਿੱਤ ਗੁਣ ਲਗੇਂਗੀ ਸ਼ਹੁ ਨੂੰ ਪਿਆਰੀ।**
**ਅੰਦਰ ਤੇਰੇ ਕੂੜ ਵਤਿ ਗਇਓ ਈ, ਮੂਲਿ ਨਾ ਦਿਤੀਓ ਬੁਹਾਰੀ।**

* *

**ਅਮਲਾਂ ਉਪਰ ਹੋਗ ਨਬੇੜਾ, ਕਿਆ ਸੂਫ਼ੀ ਕਿਆ ਭੰਗੀ।**

ਉਪਰੋਕਤ ਸਰਵੇਖਣ ਮੁਤਾਬਕ ਕਿਹਾ ਜਾ ਸਕਦਾ ਹੈ ਕਿ ਮਾਧੋ ਲਾਲ ਹੁਸੈਨ ਪੰਜਾਬੀ ਸੂਫ਼ੀ-ਕਾਵਿ ਦੇ ਦੂਜੇ ਦੌਰ ਦਾ ਇਕ ਅਜਿਹਾ ਲਚਕੀਲਾ ਨਖ਼ਰੀਲਾ ਰੰਜੀਦਾ ਸੰਜੀਵਾ ਵਿਅੰਗਾਤਮਕ ਤੇ ਵਿਲੱਖਣ ਮਲ੍ਹਾਮਤੀਆ ਸੂਫ਼ੀ ਕਵੀ ਹੈ ਜਿਹੜਾ ਵਾਰ-ਵਾਰ ਆਪਣੇ ਆਪ ਨੂੰ ਕਦੇ ਫ਼ਕੀਰ ਨਿਮਾਣਾ, ਕਦੇ ਨਿਤਾਣਾ ਅਤੇ ਕਦੇ ਜਾਤ-ਜੁਲਾਹਾ ਕਹਿ ਕੇ ਆਪਣੀ ਨਿਰਮਾਣਤਾ ਦੇ ਅਹਿਸਾਸ ਦਾ ਬਾਰ-ਬਾਰ ਇਜ਼ਹਾਰ ਕਰਦਾ ਹੈ। ਇਸ ਤਰ੍ਹਾਂ 'ਜੀਵ' ਨੂੰ ਓੜਕ ਕੰਮ ਅਲਾਹ ਨਾਲ' ਦੀ ਨਿਰੰਤਰ ਨਸੀਹਤ ਕਰਦਾ ਹੈ ਤੇ ਰੱਬ ਨਾਲ ਗਿਲੇ-ਗੁਜ਼ਾਰਸ਼ਾਂ ਕਰਨ ਤੋਂ ਵੀ ਗੁਰੇਜ਼ ਕਰਨ ਲਈ ਕਹਿੰਦਾ ਹੈ –

**ਚੁਪ ਵੇ ਅੜਿਆ ਚੁਪ ਵੇ ਅੜਿਆ।**
**ਬੋਲਣ ਦੀ ਨਹੀਂ ਜਾਹ ਵੇ ਅੜਿਆ।**

ਸੰਸਾਰ ਨਾਸ਼ਮਾਨਤਾ, ਸਮਾਜਿਕ ਚੇਤੰਨਤਾ, ਮੁਰਸ਼ਦ, ਸ਼ੈਤਾਨ, ਚੰਗੇ ਅਮਲ, ਭਗਤੀ, ਮਸਤੀ ਆਦਿ ਜਟਿਲ-ਵਿਸ਼ਿਆਂ ਨੂੰ ਇਤਨੀ ਸਰਲ ਸਪੱਸ਼ਟ ਭਾਸ਼ਾ ਅਤੇ ਖ਼ੂਬਸੂਰਤ ਸ਼ੈਲੀ-ਸ਼ਬਦਾਵਲੀ ਵਿਚ ਪੇਸ਼ ਕੀਤਾ ਹੈ ਕਿ ਕਿਸੇ ਵੀ ਬੌਧਿਕ ਪੱਧਰ ਦਾ ਪਾਠਕ ਜਾਂ ਸਰੋਤਾ ਬੜੀ ਆਸਾਨੀ ਨਾਲ ਸਮਝ ਅਤੇ ਹਿਫ਼ਜ਼ ਕਰ ਸਕਦਾ ਹੈ।

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ


ਬਿੱਟੂ ਲਹਿਰੀ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਸੁਰਿੰਦਰ ਸਿੰਘ ਰੂਬੀ**

**ਸ਼ੇਅਰ**

1. ਮੌਲਵੀ ਕੀ ਜਾਣਾਂ ਮੈਂ ਪਿਆਰ ਅੰਮੀ ਦਾ, ਮੇਰਾ ਅੱਬੂ ਮੇਰੀ ਅੰਮੀ।
2. ਮੌਲਵੀ ਕੀ ਜਾਣਾਂ ਮੈਂ ਝਿੜਕ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।
3. ਮੌਲਵੀ ਕੀ ਜਾਣਾਂ ਮੈਂ ਗੋਦ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।
4. ਮੌਲਵੀ ਕੀ ਜਾਣਾਂ ਮੈਂ ਢਾਕ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।
5. ਮੌਲਵੀ ਕੀ ਜਾਣਾਂ ਮੈਂ ਸਾਰ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।
6. ਮੌਲਵੀ ਕੀ ਜਾਣਾਂ ਮੈਂ ਤਾਰ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।
7. ਮੌਲਵੀ ਕੀ ਜਾਣਾਂ ਮੈਂ ਨੀਰ ਅੰਮੀ ਦਾ, ਮੇਰਾ ਅੱਬੂ ਮੇਰੀ ਅੰਮੀ।
8. ਮੌਲਵੀ ਕੀ ਜਾਣਾਂ ਮੈਂ ਲੋਰੀ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।
9. ਮੌਲਵੀ ਕੀ ਜਾਣਾਂ ਮੈਂ ਹਾਕ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।
10. ਮੌਲਵੀ ਕੀ ਜਾਣਾਂ ਮੈਂ ਬਾਤ ਅੰਮੀ ਦੀ, ਮੇਰਾ ਅੱਬੂ ਮੇਰੀ ਅੰਮੀ।

**ਵਿਸਥਾਰ** - ਮੌਲਵੀ ਨੇ ਛੱਲੇ ਦੀ ਗੱਲ ਸੁਣ ਕੇ ਅੰਮੀ ਦੇ ਪਿਆਰ ਦੀਆਂ ਕੁੱਝ ਹੋਰ ਗੱਲਾਂ ਇਸ ਤਰ੍ਹਾਂ ਦੱਸੀਆਂ।

**ਸ਼ੇਅਰ**

1. ਉਏ ਅੰਮੀ ਬਿਨ ਨਾ ਨੇਕ ਸਲਾਹਾਂ, ਭਾਵੇਂ ਚੌਧਰ ਵਿੱਚ ਨਵਾਬਾਂ।
2. ਉਏ ਅੰਮੀ ਬਿਨ ਨਾ ਹੋਵੇ ਪੂਰਾ, ਜੋ ਚੀਜ਼ ਹੈ ਵਿੱਚ ਖੁਆਬਾਂ।
3. ਉਏ ਸਮੁੰਦਰ ਮਮਤਾ ਅੰਮੀ ਹੁੰਦੀ, ਅੱਬੂ ਹੁੰਦਾ ਵਾਂਗ ਤਲਾਬਾਂ।
4. ਉਏ ਢਾਕ ਅੰਮੀ ਦੀ ਡੇਗੇ ਨਾਹੀ, ਜਿਵੇਂ ਘੋੜੇ ਉੱਤੇ ਰਕਾਬਾਂ।
5. ਉਏ ਮੰਨਤਾਂ ਅੰਮੀ ਭੁੱਲ ਨਾ ਪੈਂਦੀ, ਕਰਦੀ ਵੱਧ ਤੋਂ ਵੱਧ ਸਵਾਬਾਂ।
6. ਉਏ ਖੁੰਝਣ ਵੇਲਾ ਨਾ ਅੰਮੀ ਦੇਵੇ, ਕਿਹੜੇ ਵੇਲੇ ਕਦੋਂ ਨਿਮਾਜ਼ਾ।
7. ਉਏ ਪਹਿਲਾ ਖਤਰਾ ਅੰਮੀ ਝੱਲੇ, ਭਾਵੇਂ ਹੋਵਣ ਤੇਜ਼ ਸ਼ਹਾਬਾਂ।
8. ਉਏ ਟੱਬਰ ਦੀ ਪਹਿਲਾਂ ਭੁੱਖ ਮਿਟਾਵੇ, 'ਲਹਿਰੀ' ਝੱਲ-ਝੱਲ ਪਿੰਡੇ ਤਾਬਾਂ।

**ਵਿਸਥਾਰ** - ਮਦਰੱਸੇ ਵਿੱਚ ਖੇਡਦੇ-ਖੇਡਦੇ ਬੱਚੇ ਛੱਲੇ ਨੂੰ ਕਈ ਵਾਰ ਕਹਿੰਦੇ, "ਛੱਲਾ ਮਾਂ ਤੋ ਇਕੱਲਾ।" ਸਾਥੀਆਂ ਦੇ ਇਹ ਸ਼ਬਦ ਸੁਣ ਕੇ ਘਰ ਆ ਕੇ ਦਰਦ ਭਰੀਆਂ ਗੱਲਾਂ ਕਰ-ਕਰ ਕੇ ਰੋਂਦਾ।

(ਚੱਲਦਾ)

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

ਔਰਤ : ਤੁਹਾਡੇ ਵੱਲ ਖਾਵਾਂਗੀ, ਫਿਰ ਤੁਹਾਡੀ ਪਾਰਟੀ ਵੀ ਕਰਾਂਗੀ। ਸਭ ਕੁੱਝ ਚੱਲਦਾ ਈ ਰਹੇਗਾ, ਇਹਨੂੰ ਕਹਿੰਦੇ ਨੇ ਹੈਪੀ ਲਾਈਫ਼।

ਸੇਵਾਦਾਰ : (ਔਰਤ ਨੂੰ) ਸਾਡੇ ਪ੍ਰਧਾਨ ਜੀ, ਦਰਿਆ ਦਿਲ ਨੇ। ਜ਼ਰਾ ਰੰਗੀਨ ਸੁਭਾ ਦੇ ਜ਼ਰੂਰ ਨੇ, ਪਰ ਕੂੜੇ ਦੇ ਠੇਕੇ ਤੋਂ ਤੁਸੀਂ ਸਭ ਕੁੱਝ ਸਮਝ ਜਾਓਗੇ।

ਔਰਤ : ਮਰਦ ਹੋਣ ਤਾਂ ਇਵੇਂ ਦੇ। ਕਈ ਮਰਦ ਤਾਂ ਜ਼ਨਾਨੀਆਂ ਤੋਂ ਵੀ ਗਏ ਗੁਜਰੇ ਹੁੰਦੇ ਨ।

ਪ੍ਰਧਾਨ : ਵਾਹ! ਔਰਤ ਹੋਵੇ ਤਾਂ ਤੁਹਾਡੇ ਜਿਹੀ। ਇਹੋ ਜਿਹੀਆਂ ਗੱਲਾਂ ਤਾਂ ਜ਼ਿੰਦਗੀ ਨੂੰ ਧੱਕੇ ਨਾਲ ਦਸ ਵੀਹ ਸਾਲ ਵਧਾ ਦਿੰਦੀਆਂ ਨੇ।

ਸੇਵਾਦਾਰ : ਜੀ ਤੁਹਾਡੀ ਦੋਵਾਂ ਦੀ ਉਮਰ ਦਸ-ਦਸ ਸਾਲ ਤਾਂ ਪੱਕੀ ਵਧੂ, ਹਾਅ ਮੇਰੀ ਗੱਲ ਯਾਦ ਰੱਖਿਓ।

ਪ੍ਰਧਾਨ : ਆਓ ਮੈਡਮ, ਆਪਾਂ ਨਾਸ਼ਤਾ ਪੈਲੇਸ ਵਿਚ ਹੀ ਕਰਦੇ ਆਂ।

ਔਰਤ : ਜੋ ਹੁਕਮ ਏ ਜਨਾਬ ਦਾ।

ਪ੍ਰਧਾਨ : ਹੁਕਮ ਨਹੀਂ, ਬੇਨਤੀ ਏ।

ਔਰਤ : ਚਲੋ ਇਵੇਂ ਸਹੀ।

(ਪ੍ਰਧਾਨ ਅਤੇ ਔਰਤ ਜਾਣ ਲੱਗਦੇ ਹਨ, ਭਿਖਾਰੀ ਹੱਥਾਂ ਵਿਚ ਕੱਚ ਦੇ ਟੁਕੜੇ ਫੜੀ ਪਿਛਲੇ ਪਾਸਿਉਂ ਉਹਨਾਂ ਦੀ ਇੱਕ-ਇੱਕ ਲੱਤ ਫੜ੍ਹ ਲੈਂਦਾ ਹੈ ਅਤੇ ਕੱਚ ਖੋਭ ਦਿੰਦਾ ਹੈ)

ਭਿਖਾਰੀ : ਮੈਨੂੰ ਵੀ ਲੈ ਕੇ ਚੱਲੋ ਪੈਲੇਸ।

ਪ੍ਰਧਾਨ : (ਦਰਦ ਨਾਲ) ਮਰ ਗਏ..... (ਇੱਕ ਪਾਸੇ ਡਿੱਗ ਪੈਂਦਾ ਹੈ)

ਔਰਤ : ਆਹ ਕੀ..... (ਡਿੱਗ ਪੈਂਦੀ ਹੈ)

ਭਿਖਾਰੀ : ਮੈਂ..... ਅਪਾਹਜ (ਹੱਥਾਂ ਵਿਚ ਕੱਚ ਖੁੱਭ ਜਾਂਦਾ ਹੈ, ਬੇਸੁੱਧ ਹੋਇਆ ਧਰਤੀ 'ਤੇ ਲੇਟ ਜਾਂਦਾ ਹੈ, ਖੋਜੀ ਆਉਂਦਾ ਹੈ)

ਖੋਜੀ : ਜੇ ਇਥੋਂ ਦੇ ਲੋਕ ਅਪਾਹਜ ਹੋਣਗੇ ਤਾਂ ਸਾਰਾ ਢਾਂਚਾ ਹੀ ਅਪਾਹਜ ਹੋ ਜਾਵੇਗਾ। ਆਪਣੇ-ਆਪਣੇ ਅੰਦਰ ਝਾਤੀ ਮਾਰੋ ਅਤੇ ਹਨ੍ਹੇਰੇ ਵਿਚੀ ਟਾਂਵੀ-ਟਾਂਵੀ ਰੋਸ਼ਨੀ ਦੀ ਕਿਰਨ ਨੂੰ ਲੱਭੋ ਅਤੇ ਉਸ ਨੂੰ ਸਿਜਦਾ ਕਰੋ। ਫਿਰ ਬਹਾਰ, ਹਾਸਾ ਤੇ ਤਾਜ਼ਗੀ ਰਾਜ ਕਰਨਗੇ, ਕੋਈ ਅਪਾਹਜ ਨਜ਼ਰ ਨਹੀਂ ਆਵੇਗਾ।

(ਹਨੇਰਾ ਹੋ ਜਾਂਦਾ ਹੈ)

(ਚਲਦਾ)


● ● ●

**ਝੂਠ ਵੀ ਬੜੀ ਅਜੀਬ ਚੀਜ਼ ਹੈ, ਬੋਲਣਾ ਸਭ ਨੂੰ ਚੰਗਾ ਲੱਗਦਾ ਹੈ ਤੇ ਸੁਣਨਾ ਸਭ ਨੂੰ ਬੁਰਾ।**

# ਕੈਂਸਰ ਦਾ ਇਲਾਜ : ਖ਼ੁਰਾਕ ਅਤੇ ਕਸਰਤ ਦੀ ਮਹੱਤਤਾ

ਨਵਪ੍ਰੀਤ ਕੌਰ

ਕੈਂਸਰ ਦੇ ਡਾਕਟਰੀ ਇਲਾਜ ਦੇ ਨਾਲ-ਨਾਲ ਚੰਗੀ ਖ਼ੁਰਾਕ ਅਤੇ ਕਸਰਤ ਮਰੀਜ਼ ਦੇ ਜਲਦੀ ਸਿਹਤਯਾਬ ਹੋਣ ਵਿਚ ਬਹੁਤ ਹੱਦ ਤੱਕ ਮਦਦਗਾਰ ਸਾਬਤ ਹੋ ਸਕਦੀ ਹੈ। ਇਹ ਮਰੀਜ਼ ਨੂੰ ਇਕ ਸਿਹਤਮੰਦ ਅਤੇ ਸਰਗਰਮ ਜੀਵਨ-ਸ਼ੈਲੀ ਅਪਣਾ ਕੇ ਆਮ ਜ਼ਿੰਦਗੀ ਅਤੇ ਰੋਜ਼ਾਨਾ ਦੇ ਕੰਮਾਂ ਵਿਚ ਸਾਥੀਆਂ, ਦੋਸਤਾਂ ਅਤੇ ਪਰਿਵਾਰ ਨਾਲ ਜਲਦੀ ਹੀ ਦੁਬਾਰਾ ਵਿਚਰਨ ਲਈ ਸਹਾਇਕ ਹੁੰਦੀ ਹੈ।




**ਸਿਹਤਮੰਦ ਖ਼ੁਰਾਕ - ਕੁਪੋਸ਼ਣ ਤੋਂ ਬਚਾਅ**

ਕੈਂਸਰ ਦੇ ਮਰੀਜ਼ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ ਕਿ ਇਲਾਜ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਚੰਗੀ ਖ਼ੁਰਾਕ ਦਾ ਸੇਵਨ ਕਰੇ। ਇਲਾਜ ਦੌਰਾਨ ਮਰੀਜ਼ ਆਮ ਤੌਰ 'ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ। ਕੁਪੋਸ਼ਣ ਨਾਲ ਮਰੀਜ਼ ਦੇ ਇਲਾਜ, ਸਰੀਰਕ ਤੇ ਮਾਨਸਿਕ ਤਾਕਤ ਅਤੇ ਸਿਹਤਯਾਬ ਹੋਣ ਵਿਚ ਲੱਗਣ ਵਾਲੇ ਸਮੇਂ 'ਤੇ ਬਹੁਤ ਅਸਰ ਪੈਂਦਾ ਹੈ। ਸਰੀਰਕ ਲੋੜ ਤੋਂ ਘੱਟ ਭੋਜਨ ਦਾ ਸੇਵਨ, ਗਲਤ ਕਿਸਮ ਦਾ ਖਾਣਾ, ਸਰੀਰ ਦਾ ਭੋਜਨ ਨੂੰ ਪਚਾ ਨਾ ਸਕਣਾ ਜਾਂ ਜ਼ਰੂਰੀ ਤੱਤਾਂ ਨੂੰ ਨਾ ਸੋਖ ਸਕਣਾ ਕੁਪੋਸ਼ਣ ਦੇ ਕੁਝ ਅਹਿਮ ਕਾਰਨ ਹਨ। ਕੈਂਸਰ ਦੌਰਾਨ ਮਰੀਜ਼ ਨੂੰ ਕਈ ਵਾਰ ਲੋੜੀਂਦਾ ਜਾਂ ਸਹੀ ਕਿਸਮ ਦਾ ਭੋਜਨ ਖਾਣ ਵਿਚ ਕਠਿਨਾਈ ਹੁੰਦੀ ਹੈ, ਜਿਸ ਦੇ ਕੁਝ ਕਾਰਨ ਹਨ :

* ਸਿਰ, ਗਰਦਨ, ਭੋਜਨ ਨਾਲੀ, ਪੇਟ ਆਦਿ ਦੇ ਕੈਂਸਰ ਦਾ ਭੋਜਨ ਨੂੰ ਨਿਗਲਣ ਅਤੇ ਪਚਾਉਣ ਦੀ ਸਮਰੱਥਾ 'ਤੇ ਅਸਰ ਪੈਂਦਾ ਹੈ।

* ਕੈਂਸਰ ਦੇ ਕੁਝ ਇਲਾਜ ਜਿਵੇਂ ਕਿ ਆਪਰੇਸ਼ਨ, ਕੀਮੋਥਰੇਪੀ, ਰੇਡਿਊਥਰੇਪੀ ਨਾਲ ਸਰੀਰ ਲਈ ਲੋੜੀਂਦੀ ਊਰਜਾ ਅਤੇ ਪ੍ਰੋਟੀਨ ਦੀ ਮਾਤਰਾ ਵਿਚ ਵਾਧਾ ਹੋ ਸਕਦਾ ਹੈ।

* ਕਈ ਵਾਰ ਇਲਾਜ ਕਾਰਨ ਹੋਣ ਵਾਲੇ ਬੁਰੇ ਪ੍ਰਭਾਵ ਜਿਵੇਂ : ਕੱਚਾਪਣ ਮਹਿਸੂਸ ਹੋਣਾ, ਉਲਟੀਆਂ ਅਤੇ ਦਸਤ ਭੋਜਨ ਖਾਣ ਵਿਚ ਮੁਸ਼ਕਲ ਪੈਦਾ ਕਰਦੇ ਹਨ ਜਾਂ ਖਾਧਾ ਹੋਇਆ ਭੋਜਨ ਸਹੀ ਤਰੀਕੇ ਨਾਲ ਹਜ਼ਮ ਨਹੀਂ ਹੁੰਦਾ।

* ਹਸਪਤਾਲ ਵਿਚ ਲੰਮੇ ਸਮੇਂ ਤੱਕ ਰਹਿਣ ਨਾਲ ਵੀ ਖਾਣਾ ਖਾਣ ਦੀ ਇੱਛਾ ਅਤੇ ਸਮਰੱਥਾ 'ਤੇ ਬੁਰਾ ਪ੍ਰਭਾਵ ਪੈ ਸਕਦਾ ਹੈ।

* ਬਿਮਾਰੀ ਅਤੇ ਕੈਂਸਰ ਪੀੜ੍ਹਤ ਹੋਣ ਦੇ ਅਹਿਸਾਸ ਨਾਲ ਬੇਚੈਨੀ ਅਤੇ ਡਿਪਰੈਸ਼ਨ ਪੈਦਾ ਹੋ ਸਕਦਾ ਹੈ ਜਿਸ ਦਾ ਮਰੀਜ਼ ਦੀ ਭੋਜਨ ਖਾਣ ਦੀ ਇੱਛਾ 'ਤੇ ਅਸਰ ਪੈਂਦਾ ਹੈ।

ਸਰੀਰ ਵਿਚ ਕੁਪੋਸ਼ਣ ਹੋਣ ਜਾਂ ਪੈਦਾ ਹੋਣ ਦੇ ਖ਼ਤਰੇ ਦੇ ਕਈ ਸੰਕੇਤ ਮਿਲ ਸਕਦੇ ਹਨ ਜਿਵੇਂ :

* ਭੁੱਖ ਘੱਟ ਲੱਗਣਾ

* ਬਿਨਾਂ ਕਾਰਨ ਤੋਂ ਭਾਰ ਘਟਣਾ

* ਬਹੁਤ ਥੋੜ੍ਹਾ ਖਾਣ 'ਤੇ ਹੀ ਪੇਟ ਭਰਿਆ ਲੱਗਣਾ

* ਮੂੰਹ ਜਾਂ ਗਲੇ ਵਿਚ ਦਰਦ ਜਾਂ ਸੁੱਕਾਪਣ ਮਹਿਸੂਸ ਹੋਣਾ

* ਭੋਜਨ ਚਿੱਥਣ ਜਾਂ ਨਿਗਲਣ ਵਿਚ ਤਕਲੀਫ਼ ਹੋਣੀ

* ਸੁੰਘਣ ਅਤੇ ਸਵਾਦ ਲੈਣ ਦੀ ਸਮਰੱਥਾ ਵਿਚ ਪਰਿਵਰਤਨ

* ਦਸਤ ਲੱਗਣੇ ਜਾਂ ਕਬਜ਼ ਹੋਣੀ

* ਕੱਚਾਪਣ ਅਤੇ ਉਲਟੀ ਆਉਣੀ

* ਬਹੁਤ ਜਲਦੀ ਜਾਂ ਹਮੇਸ਼ਾ ਥਕਾਵਟ ਮਹਿਸੂਸ ਹੋਣਾ

ਇਨ੍ਹਾਂ ਚਿੰਨ੍ਹਾਂ ਵੱਲ ਧਿਆਨ ਦੇਣਾ ਅਤੇ ਕੁਪੋਸ਼ਣ ਦਾ ਜਲਦੀ ਇਲਾਜ ਕਰਨਾ, ਕੈਂਸਰ ਦੇ ਮਰੀਜ਼ ਦੀ ਸਿਹਤ ਵਿਚ ਸੁਧਾਰ ਲਈ ਬਹੁਤ ਜ਼ਰੂਰੀ ਹੈ। ਜੇਕਰ ਇਹ ਲੱਛਣ ਪ੍ਰਗਟ ਹੋਣ ਲੱਗਣ ਤਾਂ ਡਾਕਟਰ ਦੀ ਸਲਾਹ ਨਾਲ ਸਰੀਰ ਵਿਚ ਜ਼ਰੂਰੀ ਤੱਤਾਂ ਦੀ ਜਾਂਚ ਕਰਵਾਉ ਅਤੇ ਕੁਪੋਸ਼ਣ ਦਾ ਇਲਾਜ ਸ਼ੁਰੂ ਕਰੋ। ਕੁਪੋਸ਼ਣ ਦੇ ਇਲਾਜ ਲਈ ਡਾਕਟਰੀ ਸਲਾਹ ਦੇ ਨਾਲ –

* ਭੋਜਨ ਵਿਚ ਊਰਜਾ ਅਤੇ ਪ੍ਰੋਟੀਨ ਭਰਪੂਰ ਪਦਾਰਥ ਜ਼ਿਆਦਾ ਗਿਣਤੀ ਵਿਚ ਸ਼ਾਮਲ ਕਰੋ।

* ਸਿਹਤਮੰਦ ਤਰਲ ਪਦਾਰਥ, ਖਾਸ ਤੌਰ 'ਤੇ ਦੁੱਧ ਨਾਲ ਬਣੇ ਹੋਏ (ਕਿਉਂਕਿ ਇਨ੍ਹਾਂ ਵਿਚ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ) ਦਾ ਸੇਵਨ ਕਰੋ।

* ਦਿਨ ਵਿਚ ਕਈ ਵਾਰ ਥੋੜ੍ਹੀ ਮਾਤਰਾ ਵਿਚ ਖਾਣਾ ਖਾਉ।

* ਭੋਜਨ ਵਿਚ ਅਸਾਨੀ ਨਾਲ ਚਿੱਥੇ ਜਾਂ ਨਿਗਲੇ ਜਾ ਸਕਣ ਵਾਲੇ ਪਦਾਰਥ ਸ਼ਾਮਲ ਕਰੋ।

* ਜ਼ਰੂਰਤ ਪੈਣ 'ਤੇ ਪੌਸ਼ਟਿਕਤਾ ਪੂਰਨ ਤਰਲ ਪਦਾਰਥ ਲੈ ਸਕਦੇ ਹੋ।

ਕੈਂਸਰ ਦੌਰਾਨ ਆਮ ਤੌਰ 'ਤੇ ਕਿਸੇ ਖਾਸ ਖੁਰਾਕ ਦੀ ਜ਼ਰੂਰਤ ਨਹੀਂ ਹੁੰਦੀ ਇਸ ਲਈ ਜ਼ਰੂਰੀ ਹੈ ਕਿ ਹਰ ਸ਼੍ਰੇਣੀ ਦਾ ਖਾਣਾ ਭੋਜਨ ਵਿਚ ਸ਼ਾਮਲ ਕੀਤਾ ਜਾਵੇ।

**ਕੈਂਸਰ ਦੌਰਾਨ ਕਸਰਤ ਦੇ ਲਾਭ** - ਕਸਰਤ ਦਾ ਇਕ ਆਮ ਫਾਇਦਾ ਇਹ ਹੈ ਕਿ ਇਹ ਕੈਂਸਰ ਹੋਣ ਦਾ ਖ਼ਤਰਾ ਘਟਾ ਸਕਦੀ ਹੈ ਪਰ ਇਹ ਵੀ ਪ੍ਰਮਾਣਿਤ ਹੈ ਕਿ ਕਸਰਤ ਕੈਂਸਰ ਦੇ ਜ਼ਿਆਦਾਤਰ ਮਰੀਜ਼ਾਂ ਲਈ ਇਲਾਜ ਦੌਰਾਨ ਵੀ ਕਾਫੀ ਲਾਭਵੰਦ ਹੈ। ਇਹ ਮਰੀਜ਼ ਨੂੰ ਇਲਾਜ ਦੇ ਮਾੜੇ ਪ੍ਰਭਾਵਾਂ ਨਾਲ ਸਿੱਝਣ ਵਿਚ ਮਦਦ ਕਰਦੀ ਹੈ। ਕੈਂਸਰ ਦੇ ਬਹੁਤੇ ਮਰੀਜ਼ ਆਮ ਤੌਰ 'ਤੇ ਇਲਾਜ ਦੌਰਾਨ ਕਿਸੇ ਨਾ ਕਿਸੇ ਕਿਸਮ ਦੀ ਕਸਰਤੀ ਗਤੀਵਿਧੀ ਵਿਚ ਭਾਗ ਲੈ ਸਕਦੇ ਹਨ। ਕੁਝ ਮਰੀਜ਼ਾਂ ਨੂੰ ਕਿਸੇ ਖਾਸ ਤਬਦੀਲੀ ਜਾਂ ਕਸਰਤ ਸ਼ੁਰੂ ਕਰਨ ਲਈ ਸਹੀ ਸਮੇਂ ਦੀ ਉਡੀਕ ਕਰਨ ਦੀ ਲੋੜ ਹੁੰਦੀ ਹੈ ਇਸ ਲਈ ਕੋਈ ਵੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ। ਕਸਰਤ ਕਰਨ ਨਾਲ ਕੈਂਸਰ ਦੇ ਮਰੀਜ਼ ਨੂੰ ਕਈ ਲਾਭ ਪ੍ਰਾਪਤ ਹੁੰਦੇ ਹਨ ਜਿਵੇਂ –

* ਮਾਸਪੇਸ਼ੀਆਂ ਦੀ ਤਾਕਤ ਵਿਚ ਵਾਧਾ

* ਸਰੀਰਕ ਸ਼ਕਤੀ ਵਧਣਾ ਅਤੇ ਕੈਂਸਰ ਕਾਰਨ ਹੋਣ ਵਾਲੀ ਥਕਾਵਟ ਘੱਟ ਮਹਿਸੂਸ ਹੋਣਾ

* ਹੱਡੀਆਂ ਦੀ ਘਣਤਾ ਅਤੇ ਜੋੜਾਂ ਦੀ ਹਰਕਤ ਕਰਨ ਦੀ ਸੀਮਾ ਦਾ ਬਿਹਤਰ ਹੋਣਾ

* ਸਰੀਰ ਵਿਚ ਖ਼ੂਨ ਦਾ ਵਹਾਅ ਅਤੇ ਸਾਹ ਦਰ ਦਾ ਵਧਣਾ

* ਕੀਮੋਥੈਰੇਪੀ ਕਾਰਨ ਹੋਣ ਵਾਲੇ ਕੱਚੇਪਣ ਅਤੇ ਉਲਟੀ ਦਾ ਘਟਣਾ

* ਬਿਹਤਰ ਭੁੱਖ ਲੱਗਣਾ

* ਸਕੂਨ ਭਰੀ ਨੀਂਦ ਆਉਣਾ

* ਪਾਚਣ–ਸ਼ਕਤੀ ਵਿਚ ਸੁਧਾਰ ਅਤੇ ਕਬਜ਼ ਘਟਣਾ

* ਤਣਾਉ ਅਤੇ ਬੇਚੈਨੀ ਦੀ ਅਵਸਥਾ ਵਿਚ ਕਮੀ

* ਮਨੋਦਸ਼ਾ ਵਿਚ ਸੁਧਾਰ

* ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਿਚ ਵਾਧਾ

ਇਹ ਲਾਭ ਮਰੀਜ਼ ਨੂੰ ਜਲਦੀ ਸਿਹਤਯਾਬ ਹੋਣ ਵਿਚ ਮਦਦ ਕਰ ਸਕਦੇ ਹਨ ਅਤੇ ਇਲਾਜ ਕਾਰਨ ਆਮ ਤੌਰ 'ਤੇ ਹੋਣ ਵਾਲੇ ਮਾੜੇ ਪ੍ਰਭਾਵਾਂ ਦਾ ਅਸਰ ਵੀ ਘਟਾ ਸਕਦੇ ਹਨ।

**ਕਸਰਤ ਲਈ ਕੁਝ ਸੁਝਾਅ**

* ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਲੋੜੀਂਦੀਆਂ ਤਬਦੀਲੀਆਂ ਜਾਂ ਸਾਵਧਾਨੀਆਂ ਬਾਰੇ ਡਾਕਟਰ ਦੀ ਸਲਾਹ ਜ਼ਰੂਰ ਲਉ।

* ਰੋਜ਼ਾਨਾ ਘੱਟ ਤੋਂ ਘੱਟ 30 ਮਿੰਟ ਕਸਰਤ ਜਾਂ ਸਰੀਰਕ ਗਤੀਵਿਧੀਆਂ ਕਰਨ ਦੀ ਕੋਸ਼ਿਸ਼ ਕਰੋ। ਇਹ ਦਿਨ ਵਿਚ ਤਿੰਨ ਵਾਰ 10–10 ਮਿੰਟ ਲਈ ਵੀ ਹੋ ਸਕਦੀਆਂ ਹਨ।

* ਜੇਕਰ ਬਹੁਤ ਸਮੇਂ ਤੋਂ ਆਰਾਮ ਦੀ ਹਾਲਤ ਵਿਚ ਹੀ ਹੋ ਜਾਂ ਸਰੀਰ ਵਿਚ ਤਾਕਤ ਦੀ ਕਮੀ ਮਹਿਸੂਸ ਹੁੰਦੀ ਹੈ ਤਾਂ ਘੱਟ ਪੱਧਰ ਤੋਂ ਸ਼ੁਰੂ ਕਰਕੇ ਹੌਲੀ–ਹੌਲੀ ਕਸਰਤ ਦੀ ਤੀਬਰਤਾ ਵਧਾਉ।

* ਜੇਕਰ ਕਿਸੇ ਦਿਨ ਕਸਰਤ ਦਾ ਮਨ ਨਹੀਂ ਹੈ ਤਾਂ ਫਿਰ ਵੀ ਸਰੀਰ ਨੂੰ ਥੋੜ੍ਹਾ ਬਹੁਤ ਹਿਲਾਉਣ ਦੀ ਕੋਸ਼ਿਸ਼ ਜ਼ਰੂਰ ਕਰੋ।

* * * * *

**ਕੁਝ ਵੀ ਬੋਲਣ ਤੋਂ ਪਹਿਲਾਂ ਸੋਚੋ, ਕਿਉਂਕਿ ਬੋਲਣ ਤੋਂ ਬਾਅਦ ਸਿਰ.ਫ ਪਛਤਾਇਆ ਹੀ ਜਾ ਸਕਦੈ।**

# ਕਾਵਿ-ਕਿਆਰੀ

## ਪਿਆਰ ਦੇ ਪੈਗ਼ਾਮ/ਸੁਰਿੰਦਰ ਮਕਸੂਦਪੁਰੀ



ਉਂਝ ਮੈਂ ਪਰਵਾਸੀ ਤਾਂ ਨਹੀਂ
ਪਰ, ਪੁੱਤਰ ਵੱਲੋਂ ਪ੍ਰਾਪਤ ਕੀਤਾ
ਇਹ ਪੱਕੇ ਪਰਵਾਸ ਦਾ
ਅਮੈਰੀਕਨ ਗਰੀਨ ਕਾਰਡ
ਖਿੱਚ ਲਿਆਉਂਦਾ ਹੈ ਮੈਨੂੰ ਹਰ ਸਾਲ
ਪਰਵਾਸ ਦੀ ਬਹੁਰੰਗੀ ਧਰਤ 'ਤੇ
ਤੇ ਕਹਿੰਦਾ ਹੈ ਜਿਵੇਂ
ਅਦਬ ਸਤਿਕਾਰ ਸਹਿਤ :
ਹੇ ਕਵੀ ਜਨ ਪਿਆਰੇ !
ਮੇਰੇ ਮੀਤ ਮੁਰਾਰੇ
ਤੂੰ ਆ, ਜੀ-ਜੀ ਆ
ਕੁਝ ਆਪਣੀਆਂ ਸੁਣਾ
ਕੁਝ ਮੇਰੀਆਂ ਸੁਣਦਾ ਜਾਹ।

ਲੈ ਜਾਹ ਮੇਰੀ ਸਬਜ਼ ਰੰਗੀ
ਸੁਪਨੀਲੀ ਧਰਤ 'ਚੋਂ
ਆਪਣੀ ਕਵਿਤਾ ਦੇ ਪੁੰਗਰਨ ਲਈ
ਕੁਝ ਸਾਹਿਤਕ ਬੀਜ
ਇਹ ਬੀਜ ਜੋ ਹੋਣਗੇ ਮੇਰੇ ਵੱਲੋਂ
ਤੇਰੀ ਉਪਜਾਊ ਕਲਮ ਨੂੰ
ਇੱਕ ਸਾਰਥਿਕ ਸੌਗਾਤ
ਇਹ ਸੌਗਾਤ ਜੋ ਸਿਰਜੇਗੀ
ਤੇਰੇ ਸੱਜਰੇ ਸਾਹਿਤ ਦਾ ਆਕਾਸ਼
ਲੈ ਜਾਹ ਮੇਰੇ ਵਿਸ਼ਾਲ
ਸਾਗਰ/ਸਮੁੰਦਰਾਂ 'ਚੋਂ ਢੂੰਡ ਕੇ
ਗੂੜ੍ਹ-ਗਿਆਨ ਦੇ ਮਾਣਕ ਮੋਤੀ
ਲੈ ਜਾਹ ਮੇਰੀਆਂ ਝੀਲਾਂ/ਝਰਨਿਆਂ
ਨਦੀਆਂ/ਨਹਿਰਾਂ/ਦਰਿਆਵਾਂ
ਪਹਾੜਾਂ/ਵਾਦੀਆਂ/ਚੁੱਪ ਦੇ ਖੰਡਰਾਂ
ਬਾਗ਼/ਬਗੀਚਿਆਂ 'ਚ ਗੂੰਜਦਾ
ਕੁਦਰਤ ਰਾਣੀ ਦਾ ਸੁਗਮ ਸੰਗੀਤ
ਮਾਣਦਾ ਰਹੀਂ ਤਾਂ-ਉਮਰ
ਮੇਰੀ ਮਾਣਮੱਤੀ ਤਵਾਰੀਖ਼
ਜਾਣਦਾ ਰਹੀਂ ਜਗਿਆਸੂ ਹੋ
ਮੇਰੀ ਸ਼ਾਨਮੱਤੀ ਤਹਿਜ਼ੀਬ !

(2)

ਮੈਂ ਇਸ ਸ਼ਕਤੀਸ਼ਾਲੀ
ਖ਼ੁਸ਼ਹਾਲ ਦੇਸ ਦੀਆਂ
ਆਸ਼ੀਰਵਾਦੀ ਸੌਗਾਤਾਂ ਨੂੰ
ਰੱਬੀ ਰਹਿਮਤ ਦੀਆਂ
ਅਣਮੁੱਲੀਆਂ ਦਾਤਾਂ ਨੂੰ
ਖਿੜੇ ਮੱਥੇ ਕਬੂਲਦਾ
ਆਪਣੀ ਜਨਮ ਭੂਮੀ ਦੀ ਖ਼ੁਸ਼ਹਾਲੀ
ਅਤੇ ਸਿਹਤਯਾਬੀ ਲਈ
ਫ਼ਿਕਰਮੰਦ ਹੋਇਆ
ਆਤਮ ਤੋਂ ਅਨਾਤਮ ਜਗਤ ਦਾ
ਚਿੰਤਨ-ਮੰਥਨ ਕਰਦਾ
ਲਿਖਦਾ ਹਾਂ
ਆਪਣੇ ਵਤਨ ਦੇ ਨਾਮ
ਅਪਣੱਤ ਭਰਿਆ
ਪਿਆਰ ਦਾ ਪੈਗ਼ਾਮ :


ਐ ਦੇਸ ਮੇਰੇ ਦੇ ਪੈਰੋਕਾਰੋ !
ਨਵੀਂ ਪੀੜ੍ਹੀ ਦੇ ਅਲੰਬਰਦਾਰੋ
ਆਓ, ਸਾਂਭੀਏ ਰਲ਼-ਮਿਲ਼ ਸਾਰੇ
ਆਪਣੀ ਮਾਂ ਧਰਤੀ, ਮਾਂ ਜਨਣੀ
ਗੁਰੂਆਂ ਦੀ ਗੁਰਮੁਖੀ
ਮਾਂ ਬੋਲੀ ਦਾ ਮਾਣਮੱਤਾ ਇਤਿਹਾਸ
ਰੋਜ਼ੀ-ਰੋਟੀ, ਕੱਪੜੇ ਤੋਂ ਵਾਂਝਾ
ਘਰੋਂ ਬੇਘਰ, ਹੋਵੇ ਨਾ ਕੋਈ
ਸਭ ਲਈ ਹੋਵੇ, ਸੁੱਖ-ਨਿਵਾਸ
'ਮਕਸੂਦਪੁਰੀ' ਫਿਰ ਆਪਣੇ ਦੇਸੋਂ
ਨਾ ਕਰਨਾ ਪਵੇ ਕਦੇ ਪਰਵਾਸ !


-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021, ਮੋ. 99887-10234


*****

## ਕਵਿਤਾ/ ਨੰਨੀ ਛਾਂ

**ਰਤਨ ਟਾਹਲਵੀ**



ਗਰਭ ਜੂਨ 'ਚ ਪਨਪ ਰਹੀ
ਕਿਸੇ ਦੇਹ ਨੂੰ
ਦੇਹ-ਮਾਦਾ ਨਿਰਧਾਰਤ ਕਰ
ਵਲੂੰਧਰ ਸੁਟਦੇ, ਟੁਕੜੇ ਕਰਕੇ,
ਸੁੱਟ ਦਿੰਦੇ ਪਿਛਵਾੜੇ।
ਗਤੀਸ਼ੀਲ, ਪ੍ਰਗਤੀਸ਼ੀਲ
ਸ਼ਹਿਰ ਮੇਰੇ ਦੇ ਇਹ ਸ਼ਹਿਰੀ।

ਨਾ ਉਨ੍ਹਾਂ ਦੇ ਮੱਥੇ ਚਿਪਕੇ

ਕਿਸੇ ਖ਼ੂਨ ’ਚ ਰੰਗੇ ਹੋਏ
ਕਾਤਿਲ ਦਾ ਸਿਰਨਾਵਾਂ।
ਤੇ
ਨਾ ਹੀ ਆਨਰ ਕਿਲਿੰਗ ਦਾ ਕੋਈ
ਸਾਫ਼ ਬਾਣੇ ’ਤੇ ਲੱਗਿਆ ਹੋਵੇ ਧੱਬਾ।

ਤੇ ਆਖਰ ਇਸ ‘ਔਖੀ ਘਾਟੀ’ ਸਰ ਕਰਕੇ
ਕਿਸੇ ਬੁਲਾਏ ਜਲਸੇ ਦੇ ਵਿਚ
ਧੜ ’ਤੇ ਰੱਖ ਕੋਈ ਮਾਂਗਵਾਂ ਚਿਹਰਾ
ਜਾ ਬੋਲਦੇ
“ਸੋ ਕਿਉਂ ਮੰਦਾ ਆਖੀਐ
ਜਿਤੁ ਜਮਹਿ ਰਾਜਾਨ।”
ਤੇ ਫਿਰ ਆਖ਼ਰ ਮੁਕਤ ਹੋ ਕੇ
ਇਸ ਜਲਸੇ ਦੇ ਪ੍ਰਵਚਨਾਂ ਤੋਂ
ਸੋਚਣ ਲੱਗ ਪੈਂਦੇ ਨੇ
ਕਿ ਜਲਦੀ ਤੋਂ ਜਲਦੀ
ਗਰਭਜੂਨ ’ਚ ਕੋਈ ਨਰ ਮਾਦਾ
ਚੁਪਕੇ ਚੁਪਕੇ ਕਾਬਜ਼ ਹੋ ਕੇ
ਆਪਣਾ ਅਕਸ ਉਭਾਰਨ ਲੱਗੇ
ਸਾਡੀ ਨਸਲ ਵਧਾਵਣ ਲੱਗੇ।
ਇਸੇ ਚਿੰਤਨ ਵਿਤ ਗੁੱਸੇ
ਕਿਸੇ ਸ਼ਫ਼ਾਖਾਨੇ ਵੱਲ ਵਧਦੇ
ਨਰ ਦੀ ਜੂਨੇ ਆਉਣ ਵਾਲੇ ਦੀ
ਪੁੜੀਆਂ ਲਿਪਟੀ ਉਮਰ ਲਿਆਉਂਦੇ
ਘੋਲ ਘੋਲ ਕੇ
ਗਰਭ ਜੂਨ ’ਚ ਵਧਦੀ ਜਾਂਦੀ
ਕਿਸੇ ਦੇਹ ਨੂੰ ਨਿੱਤ ਪਿਲਾਉਂਦੇ।
ਹਾਏ!ਆਪਣੇ ਚਿੰਤਨ ਦੇ ਪਹੀਏ ਨੂੰ
ਬੇਦਰਦੀ ਲੈ ਜਾਵਣ ਲੱਗੇ
ਕਿਸੇ ਗਿਰਾਵਟ ਦੀ ਖੱਡ ਵੱਲ ਨੂੰ।

*****

## ਨਵਾਂ ਸਾਲ

ਪਹਿਲਾਂ ਵਰਗੀ ਹੀ ਅੱਜ ਦੀ ਸਵੇਰ ਸੀ,
ਓਹੀ ਦਹਿਲੀਜ ਤੇ ਓਹੀ ਬਨੇਰ ਸੀ,
ਚਾਰੇ ਪਾਸੇ ਪਹਿਲਾਂ ਜਿਹਾ ਹੀ ਹਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।



ਸੜਕਾਂ ਰਸਤਿਆਂ ਤੇ ਜ਼ਿੰਦਗੀ ਵਾਂਗ ਆਮ ਸੀ,
ਪਹਿਲਾਂ ਵਰਗੀ ਹੀ ਦੁਪਹਿਰ ਤੇ ਸ਼ਾਮ ਸੀ,
ਪਹਿਲਾਂ ਵਾਂਗ ਕੂੜੇ ਦੇ ਚਾਰੇ ਪਾਸੇ ਟਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਇੱਕ ਦੂਜੇ ਨੂੰ ਵਧਾਈ ਦਿੱਤੀ ਜਾ ਰਹੀ ਸੀ,
ਈਰਖਾ ਪਹਿਲਾਂ ਵਾਂਗਰਾਂ ਹੀ ਤਨ ਨੂੰ ਖਾ ਰਹੀ ਸੀ,
ਮਾੜੇ ਖਿਆਲਾਂ ਦਾ ਮਨ ’ਚ ਪਹਿਲਾਂ ਵਾਂਗ ਭੁਚਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਹਰ ਪਾਸੇ ਅਜੇ ਵੀ ਕਰੋਨਾ ਦਾ ਕਹਿਰ ਸੀ,
ਪਹਿਲਾਂ ਵਾਂਗ ਘਬਰਾਇਆ ਹਰ ਪਿੰਡ ਤੇ ਸ਼ਹਿਰ ਸੀ,
ਜਿੰਦ ਨੂੰ ਪਹਿਲਾਂ ਜਿਹਾ ਹੀ ਜੰਜਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਦਫ਼ਤਰ ਵਿੱਚ ਵੀ ਪਹਿਲਾਂ ਜਿਹੀ ਗੁੱਟਬਾਜੀ ਸੀ,
ਅਫ਼ਸਰ ਰਾਜੇ ਤੇ ਚਮਚੇ ਕਾਜੀ ਸੀ,
ਕੰਮ ਦੀ ਪਹਿਲਾਂ ਵਰਗੀ ਹੀ ਚਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਪਹਿਲਾਂ ਵਾਂਗਰਾਂ ਕਿਸਾਨ ਪਾਲੇ ਠਰ ਰਿਹਾ ਸੀ,
ਆਪਣੇ ਹੱਕਾਂ ਲਈ ਸੜਕਾਂ ਤੇ ਲੜ ਰਿਹਾ ਸੀ,
ਪਰੇਸ਼ਾਨ ਪਹਿਲਾਂ ਵਾਂਗ ਹਰ ਬੁੱਢਾ ਜਵਾਨ ਤੇ ਬਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਪਹਿਲਾਂ ਵਾਂਗਰਾਂ ਬੇਗਾਨੇ ਦੇਸ ਲੋਕ ਜਾ ਰਹੇ ਸੀ,
ਘਰ ਬਾਰ ਗਹਿਣੇ ਪਾ ਰਹੇ ਸੀ,
ਕਰਜ਼ੇ ਵਿੱਚ ਫਸਿਆ ਪਹਿਲਾਂ ਵਾਂਗ ਹੀ ਹਰ ਇੱਕ ਵਾਲ ਸੀ, ਸਭ ਕੁਝ
ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਲੁੱਟਾਂ ਖੋਹਾਂ ਚਿੱਟੇ ਦਿਨ ਜਾਰੀ ਸੀ,
ਚੋਰ ਸਾਧਾਂ ਦੇ ਪਹਿਲਾਂ ਵਾਂਗ ਭਾਰੀ ਸੀ,
ਪਹਿਲਾਂ ਵਾਂਗ ਹੀ ਹਰ ਇੱਕ ਬੇਹਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਸਰਕਾਰੀ ਸੰਸਥਾਵਾਂ ਨੂੰ ਲੱਗ ਰਹੇ ਤਾਲੇ ਸੀ,
ਪਹਿਲਾਂ ਵਾਂਗ ਅਰਬਾਂ ਕਰੋੜਾਂ ਦੇ ਜਾਰੀ ਘੁਟਾਲੇ ਸੀ,
ਕਈ ਪਹਿਲਾਂ ਵਾਂਗਰਾਂ ਕਮਾ ਰਹੇ ਮਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

ਏਕਤਾ ਪਹਿਲਾਂ ਵਾਂਗ ਹੀ ਲੀਰੋ ਲੀਰ ਸੀ,
ਬੰਦੇ ਮਰ ਰਹੇ ਸੀ ਭੁੱਖੇ ਕੁੱਤੇ ਖਾ ਰਹੇ ਖੀਰ ਸੀ,
ਪਹਿਲਾਂ ਵਾਂਗ ਹੀ ਈਰਖਾ ’ਚ ਸੜ ਰਿਹਾ
‘ਸੁਖਵਿੰਦਰ’ ਦਾ ਪਿੰਡ ਜਲਾਲ ਸੀ,
ਸਭ ਕੁਝ ਪੁਰਾਣਾ ਸੀ ਬਸ ਨਾਂ ਦਾ ਹੀ ਨਵਾਂ ਸਾਲ ਸੀ।

**ਸੁਖਵਿੰਦਰ ਸਿੰਘ ਘੋਤਰਾ** (**ਇੰਸਪੈਕਟਰ ਸੀ ਬੀ ਆਈ** ,)
**ਪਿੰਡ ਜਲਾਲਪੁਰ, ਹੁਸ਼ਿਆਰਪੁਰ**, +919906381482



# MATRIMONIAL



MATCH FOR LOBANA SIKH BOY 5' 8", 92 BORN, MBBS,MD MEDICINE, FROM GMC AMRITSAR. MRCP GASTROENTEROLOGY WORKING IN UK. AFFLUENT EDUCATED FAMILY. FATHER IN MERCHAND NAVY, SISTER M.D. RADIODIAGNOSIS, MARRIED, RESI. AT JALANDHAR & BOMBAY ALSO. FAMILY IS ROOTED DEEPLY IN SIKH CULTURE AND TRADITIONS. NO DEMANDS. CONT: +91 9878337411

* * * * *

SEEKING SUITABLE MATCH FOR 1990 BORN, HEIGHT 6'1", LOBANA SIKH BOY B. TECH (MECH. ENGG.) FROM CHANDIGARH GROUP OF CGC, LANDRAN, PUNJAB GOVT. EMPLOYEE POSTED IN MOHALI, OWN HOUSE IN MOHALI, FAMILY- FATHER ABROAD & MOTHER-HOMEMAKER, SIBLING-ONE YOUNGER SISTER (MARRIED) PB GOVT. EMPLOYEE, BROTHER-IN-LAW- SDO IN PUNJAB IRRIGATION DEPARTMENT, CHD. UPPER CLASS WELCOME. CONTACT –99889-57575

* * * * *

LUBANA SIKH BOY ....DEC'92, 5.11 FT BE MBA SR. MANAGER IN GURUGRAM BASED CO @ DELHI NCR REQUIRED..MCA B.TECH, M.TECH, MBA... QUALIFIED GIRL, CASTE NO BAR. CONT .. 9417145424..... 8360907886

* * * * *

SEEKING MATCH FOR 21.03.1993 BORN, LUBANA SIKH BOY, HEIGHT 5'8'', MECHANICAL ENGINEER, WORKING IN BYJU AS A MATHS FACULTY, FAMILY FATHER EX SUB MAJ./ HONY LT DOING JOB IN GARRISON ENGINEER CHANDIGARH AS CIVILIAN JEE/M, MOTHER HOUSE WIFE, TWO SISTERS ONE MARRIED TO ARMY OFFICER &ONE DAUGTER COMPLETING GRADUATION AND PREPARING FOR UPSC EXAM, VILL. CHAL CHAO (GURDASPUR) HAVING AGRICULURE LAND TUBE WELL N KOTHI, HOUSES GIVEN ON RENT. PRESENT RESIDENCE AT AEROCITY, MOHALI. CONTACT –84002-87490

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਉਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਜੁਲਾਈ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ ਚੰਡੀਗੜ੍ਹ। | 308 | 500/- | 16.07.2024 |
| 2. | ਇੰਜ: ਹਰਦੇਵ ਸਿੰਘ<br>ਮ. ਨੰ:1747, ਫੇਸ-7, ਮੋਹਾਲੀ। | 309 | 200/- | 16.07.2024 |
| 3. | ਇੰਜ. ਹਰਭਜਨ ਸਿੰਘ<br>ਡੀ.ਵਾਈ.-ਸੀ.ਈ (ਰਿਟਾ.)<br>ਮ. ਨੰ: 576, ਮੋਤਾ ਸਿੰਘ ਨਗਰ, ਜਲੰਧਰ। | 310 | 5100/- | 16.07.2024 |
| 4. | ਸ: ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਮ. ਨੰ: 795, ਫ਼ੇਸ-3ਬੀ-1, ਮੋਹਾਲੀ। | 311 | 2100/- | 16.07.2024 |
| 5. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀਅਰ ਵਾਇਸ ਪ੍ਰਧਾਨ (ਹੈ.ਕੁ.),<br>ਮ. ਨੰ: 3405, ਸੈਕਟਰ-40ਡੀ, ਚੰਡੀਗੜ੍ਹ। | 312 | 200/- | 16.07.2024 |
| 6. | ਸ: ਅਮਰਜੀਤ ਸਿੰਘ<br>ਮ. ਨੰ: 42, ਸੈਕਟਰ 16-ਏ, ਚੰਡੀਗੜ੍ਹ। | 313 | 500/- | 16.07.2024 |
| 7. | ਕਰਨਲ ਗੁਰਦੀਪ ਸਿੰਘ (ਰਿਟਾ.)<br>ਵੀ.ਪੀ. (ਹੈ.ਕੁ.), ਮ. ਨੰ: 62, ਸੈਕਟਰ-71, ਐਸ.ਏ.ਐਸ. ਨਗਰ, ਮੋਹਾਲੀ। | 314 | 500/- | 16.07.2024 |
| 8. | ਸ: ਸੁਰਿੰਦਰ ਸਿੰਘ<br>ਮ. ਨੰ: 3040, ਸੈਕਟਰ-47, ਚੰਡੀਗੜ੍ਹ। | 315 | 500/- | 16.07.2024 |
| 9. | ਸ: ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਵਾਈ-204, ਫ਼ਾਲਕਨ ਵਿਊ, ਸੈਕਟਰ 66-ਏ, ਮੋਹਾਲੀ। | 316 | 500/- | 16.07.2024 |
| 10. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਮ. ਨੰ: 1089, ਫ਼ੇਸ-10, ਮੋਹਾਲੀ। | 317 | 200/- | 16.07.2024 |
| 11. | ਸ: ਰਾਜਪਾਲ ਸਿੰਘ<br>ਮ. ਨੰ: 43, ਐਨ.ਏ.ਸੀ., ਮਨੀਮਾਜਰਾ। | 318 | 500/- | 16.07.2024 |
| 12. | ਸ: ਸੁਖਦੇਵ ਸਿੰਘ<br>ਸੈਕਟਰ-71, ਮੋਹਾਲੀ। | 319 | 500/- | 16.07.2024 |
| 13. | ਸ: ਰਵਿੰਦਰ ਸਿੰਘ<br>ਮ. ਨੰ: 2092, ਸੈਕਟਰ 45 ਸੀ, ਚੰਡੀਗੜ੍ਹ। | 320 | 200/- | 16.07.2024 |
| 14. | ਸ: ਮਨਜੀਤ ਸਿੰਘ<br>ਮ. ਨੰ: 873, ਫ਼ੇਸ-10, ਐਸ.ਏ.ਐਸ. ਨਗਰ। | 321 | 200/- | 16.07.2024 |
| 15. | ਸ: ਗੁਰਪਾਲ ਸਿੰਘ<br>ਪਿੰਡ ਅਕਬਰਪੁਰ, ਨਰਾਇਣਗੜ੍ਹ, ਅੰਬਾਲਾ। | 322 | 500/- | 16.07.2024 |
| 16. | ਸ਼੍ਰੀ ਸੁਰੇਸ਼ ਸ਼ਰਮਾ<br>ਮ. ਨੰ: 652, ਸੈਕਟਰ 8-ਬੀ, ਚੰਡੀਗੜ੍ਹ। | 323 | 500/- | 16.07.2024 |
| 17. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀ. ਸਕੱਤਰ, ਮ. ਨੰ:18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 324 | 200/- | 16.07.2024 |

| | | | | |
|---|---|---|---|---|
| 18. | ਸ: ਜਗੀਰ ਸਿੰਘ ਲਾਲੀਆ<br>ਮ. ਨੰ: 1838, ਫ਼ੇਸ-7, ਮੋਹਾਲੀ। | 325 | 500/- | 16.07.2024 |
| 19. | ਸ: ਗੁਰਚਰਨ ਸਿੰਘ, ਏ.ਆਰ.ਓ. (ਰਿਟਾ.)<br>ਮ. ਨੰ: 117, ਸੈਕਟਰ 35-ਏ, ਚੰਡੀਗੜ੍ਹ। | 326 | 500/- | 16.07.2024 |
| 20. | ਪ੍ਰੋਫ਼ੈਸਰ ਨਵਦੀਪ ਕੌਰ<br>ਐਫ਼.-20, ਸੈਕਟਰ 14, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। | 327 | 1100/- | 16.07.2024 |
| 21. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ)<br>(*ਪਿਛਲੇ ਅੰਕ ਵਿੱਚ 307 ਦੀ ਥਾਂ ਤੇ 306 ਛੱਪ ਗਿਆ ਸੀ।) | 307 | 500/- | 16.06.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

**ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms*<br>*Four Single Bed* |
| *Main Hall, A.C*<br>*Capacity 400 Persons* | *Mini Hall, A.C*<br>*Capacity 150-200 Persons* |
| *Main Auditorium, A.C*<br>*Capacity 450 Persons* | *Mini Auditorium, A.C*<br>*Capacity 150 Persons* |
| *Basement Hall*<br>*350-400 Persons* | *Conference Hall, A.C*<br>*Capacity 25 Persons* |

**24x7 Catering Service Available**

For Booking Contact :-
98768-11137, 73470-65188

# ਧਾਰਮਿਕ, ਮਿਲਣਸਾਰ ਤੇ ਬਹੁਪੱਖੀ ਸ਼ਖ਼ਸ਼ੀਅਤ ਦੇ ਮਾਲਕ ਸਨ ਸ. ਗੁਰਚਰਨ ਸਿੰਘ ਪਾਲੀਆ ਸਾਬਕਾ ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ



ਬ.ਮ.ਸ.ਲ ਚੰਡੀਗੜ੍ਹ ਦੇ ਸਾਬਕਾ ਜਨਰਲ ਸਕੱਤਰ ਸਵ. ਗੁਰਚਰਨ ਸਿੰਘ ਪਾਲੀਆ ਅਤੇ ਉਹਨਾਂ ਦੀ ਧਰਮ ਪਤਨੀ ਸਵ. ਸ਼੍ਰੀਮਤੀ ਸੁਰਜੀਤ ਕੌਰ।

ਫਾਊਂਡੇਸ਼ਨ ਦੇ ਰਹਿ ਚੁੱਕੇ ਜਨਰਲ ਸਕੱਤਰ ਸਵਰਗੀ ਗੁਰਚਰਨ ਸਿੰਘ ਪਾਲੀਆ ਜੀ ਇਕ ਮਿਕਨਾਤੀਸੀ ਸ਼ਖ਼ਸ਼ੀਅਤ ਦੇ ਮਾਲਕ ਸਨ। ਗੁਰਮਤਿ ਸਿੱਖਿਆ ਉੱਤੇ ਵਿਸ਼ਾਲ ਗਿਆਨ ਦੀ ਜਾਣਕਾਰੀ ਰੱਖਣ ਵਾਲੇ ਗੁਰਚਰਨ ਸਿੰਘ ਪਾਲੀਆ ਜੀ ਦਾ ਜਨਮ ਕਸਬਾ ਕਾਹਨੂੰਵਾਲ ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਫੌਜ ਵਿਚ ਲੰਮੀ ਸੇਵਾ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਆਪ ਜੀ ਨੇ ਲੁਬਾਣਾ ਬਰਾਦਰੀ ਸਮੇਤ ਸਮੁੱਚੇ ਸਿੱਖ ਸਮਾਜ ਦੀ ਪ੍ਰਗਤੀ ਅਤੇ ਤਰੱਕੀ ਲਈ ਬੜੀ ਅਗਾਂਹਵਧੂ ਸੋਚ ਨੂੰ ਅਪਣਾਇਆ। ਆਪ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਜਨਰਲ ਸਕੱਤਰ ਵੀ ਰਹੇ ਅਤੇ ਉੱਚੀਆਂ ਸੇਵਾਵਾਂ ਦਿੱਤੀਆਂ। ਆਪ ਜੀ ਨਗਰ ਕਾਹਨੂੰਵਾਲ ਜ਼ਿਲ੍ਹਾ ਗੁਰਦਾਸਪੁਰ ਦੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤੋਂ ਇਲਾਵਾ ਗੁਰਦੁਆਰਾ ਸੈਕਟਰ 40 ਚੰਡੀਗੜ੍ਹ ਦੇ ਪ੍ਰਧਾਨ ਵੀ ਰਹੇ। ਅਕਾਲੀ ਦਲ-ਬੀ.ਜੇ.ਪੀ. ਗੱਠਜੋੜ ਵਿਚ ਆਪ ਜੀ ਚੰਡੀਗੜ੍ਹ ਰਿਜ਼ਨ ਦੇ ਰਿਜ਼ਨਲ ਵਾਇਸ ਪ੍ਰੈਜੀਡੈਂਟ ਵੀ ਰਹੇ। ਆਪ ਜੀ ਦੀਆਂ ਧਾਰਮਿਕ ਅਤੇ ਸਮਾਜਿਕ ਲਿਖਤਾਂ ਸਮੇਂ-ਸਮੇਂ ਸਿਰ 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਛਪਦੀਆਂ ਰਹੀਆਂ ਹਨ। ਆਪ ਜੀ ਦੇ ਸਪੁੱਤਰ ਸ. ਪਰਮਜੀਤ ਸਿੰਘ ਪਾਲੀਆ ਭਾਰਤੀ ਫੌਜ ਵਿਚੋਂ ਕਰਨਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ ਅਤੇ ਮੁਹਾਲੀ ਵਿਚ ਹੀ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਉਹਨਾਂ ਨੇ ਆਪਣੇ ਸਤਿਕਾਰਯੋਗ ਮਾਤਾ ਪਿਤਾ ਜੀ ਨੂੰ ਸੱਚੀ ਸ਼ਰਧਾਂਜ਼ਲੀ ਦਿੰਦੇ ਹੋਏ ਲਿਆ ਗਿਆ ਫੈਸਲਾ ਅਤੇ ਕੁਝ ਲਫ਼ਜ਼ ਆਪਣੇ ਵੱਲੋਂ ਲਿਖ ਕੇ ਭੇਜੇ ਹਨ, ਨੂੰ ਹੂ-ਬ-ਹੂ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

ਅਦਾਰਾ ਲੁਬਾਣਾ ਸੇਵਕ ਕਰਨਲ ਪਰਮਜੀਤ ਸਿੰਘ ਪਾਲੀਆ ਬਮਸ਼ਲ ਵੱਲੋਂ ਫਾਊਂਡੇਸ਼ਨ ਨੂੰ ਆਪਣੇ ਮਾਤਾ-ਪਿਤਾ ਜੀ ਦੀ ਯਾਦ ਵਿਚ ਹਰ ਮਹੀਨੇ 2100 ਰੁਪਏ ਦਾਨ ਦੇਣ ਦੇ ਫੈਸਲੇ ਲਈ ਉਹਨਾਂ ਦੀ ਬਹੁਤ ਸ਼ਲਾਘਾ ਕਰਦਾ ਹੈ ਅਤੇ ਸੱਚੀ-ਸੁੱਚੀ ਸਤਿਕਾਰਯੋਗ ਸ਼ਖ਼ਸ਼ੀਅਤ ਸ. ਗੁਰਚਰਨ ਸਿੰਘ ਪਾਲੀਆ ਨੂੰ ਯਾਦ ਕਰਦੇ ਹੋਏ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੈ।

ਅਪੀਲ - ਬਰਾਦਰੀ ਦੇ ਹੋਰ ਸੂਝਵਾਨ ਸੱਜਣਾਂ ਨੂੰ ਬਮਸ਼ਲ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਅਪੀਲ ਹੈ ਕਿ ਕਰਨਲ ਪਾਲੀਆ ਵਾਂਗੂ ਆਪਣੇ ਬਜ਼ੁਰਗਾਂ ਦੀ ਯਾਦ ਮਨਾਉਂਦੇ ਹੋਏ ਬਮਸ਼ਲ ਫਾਊਂਡੇਸ਼ਨ ਨੂੰ ਬਣਦਾ ਮਾਇਕ ਯੋਗਦਾਨ ਦੇ ਕੇ ਧੰਨਵਾਦੀ ਬਣਾਓ ਜੀ।

ਸੁਰਿੰਦਰ ਸਿੰਘ ਰੂਬੀ

# Tribute In Loving Memory Of My Parents

**By Col. PJS Palia**



I, Col. PJS Palia S/o Hony Flt Lt. Gurcharan Singh Palia and Sardarni Surjit Kaur Palia, retired from the Army in 2007 and am residing at Mohali since then. My mother was a homemaker and my father dedicated his entire life after retirement in service of our community. He served as Gen.Sec. in BMSL Chandigarh.

My mother left for her heavenly abode in 2016 and my father joined her in 2021. In Loving memory of my parents, I wish to donate Rs. 2100/- Per Month for Welfare Activities by Baba Makhan Shah Lobana Foundation, Chandigarh till I am alive. Rs. 2100/- will be transferred on 1st of every month beginning 01 Aug 2024.

**"WITH PROFOUND REMEMBERANCES AND REGARDS FROM ENTIRE PALIA PARIVAR"**

Postal No. - Jallandhar Vide No. L-4/PB/JL-0196/2024-2026

# ਮਿਤੀ 16-07-2024 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ









ਮੁੱਖ ਸੇਵਾਦਾਰ ਡੇਰਾ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਬੇਗੋਵਾਲ ਅਤੇ ਉੱਘੇ ਸਿੱਖ ਲੀਡਰ ਬੀਬੀ ਜਗੀਰ ਕੌਰ ਜੀ ਲੁਬਾਣਾ ਭਵਨ ਵਿਖੇ ਪਧਾਰੇ। ਉਸ ਮੌਕੇ ਉਨ੍ਹਾਂ ਨੂੰ ਗੁਲਦਸਤਾ ਭੇਂਟ ਕਰਕੇ ਨਿੱਘਾ 'ਜੀ ਆਇਆ' ਕਰਦੇ ਹੋਏ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਅਤੇ ਹੋਰ